ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 20*Issue 18 | Tuesday, January 26, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Care Financial
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਬੈਂਸ ਉੱਤੇ ਗੰਭੀਰ ਦੋਸ਼ ਲਾਉਣ ਵਾਲੇ ਰਮੇਸ਼ ਸੰਘਾ ਨੂੰ ਲਿਬਰਲ ਕਾਕਸ ਵਿਚੋਂ ਕੀਤਾ ਗਿਆ ਬਾਹਰ



ਬਰੈਂਪਟਨ, 25 ਜਨਵਰੀ (ਪੋਸਟ ਬਿਊਰੋ) : ਬਰੈਂਪਟਨ ਸੈਂਟਰ ਤੋਂ ਐਮਪੀ ਰਮੇਸ਼ ਸੰਘਾ ਨੂੰ ਲਿਬਰਲ ਕਾਕਸ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਰਮੇਸ਼ ਸੰਘਾ, ਜੋ ਕਿ ਪੇਸ਼ੇ ਤੋਂ ਵਕੀਲ ਹੈ, ਸੱਭ ਤੋਂ ਪਹਿਲਾਂ 2015 ਵਿੱਚ ਲਿਬਰਲ ਐਮਪੀ ਚੁਣਿਆ ਗਿਆ। ਅਤੀਤ ਵਿੱਚ ਵੀ ਉਸ ਵੱਲੋਂ ਲਿਬਰਲ ਪਾਰਟੀ ਉੱਤੇ ਸਿੱਖ ਵੱਖਵਾਦੀਆਂ ਦੀ ਪੁਸ਼ਤ ਪਨਾਹੀ ਦਾ ਦੋਸ਼ ਲਾਇਆ ਜਾਂਦਾ ਰਿਹਾ ਹੈ। ਬੀਤੇ ਦਿਨੀ ਵਾਈ ਮੀਡੀਆ ਨੂੰ ਦਿੱਤੀ ਇੱਕ ਇੰਟਰਵਿਊ ਦੌਰਾਨ ਰਮੇਸ਼ ਸੰਘਾ ਨੇ ਨਵਦੀਪ ਬੈਂਸ ਉੱਤੇ ਗੰਭੀਰ ਦੋਸ਼ ਲਾਏ ਸਨ। ਜਿੱਥੇ ਨਵਦੀਪ ਬੈਂਸ ਵੱਲੋਂ ਮੰਤਰੀ ਦੇ ਅਹੁਦੇ ਅਤੇ ਸਿਆਸਤ ਛੱਡਣ ਦਾ ਕਾਰਨ ਆਪਣੇ ਪਰਿਵਾਰ ਨੂੰ ਸਮਾਂ ਦੇਣਾ ਦੱਸਿਆ ਸੀ, ਉੱਥੇ ਸੰਘਾ ਨੇ ਬੈਂਸ ਦੇ ਫੈਸਲੇ ਉੱਤੇ ਹੈਰਾਨੀ ਪ੍ਰਗਟਾਈ ਅਤੇ ਕਿਹਾ ਨਾ ਤਾਂ ਇਹ ਗੱਲ ਉਸ ਨੂੰ ਹਜ਼ਮ ਹੋ ਰਹੀ ਹੈ ਤੇ ਨਾ ਹੀ ਭਾਈਚਾਰੇ ਨੂੰ। ਇਸ ਦੇ ਨਾਲ ਹੀ ਉਨ੍ਹਾਂ ਨਵਦੀਪ ਬੈਂਸ ਦੇ ਪਿਛੋਕੜ ਬਾਰੇ ਗੱਲ ਕਰਦਿਆਂ ਕਿਹਾ ਕਿ ਜਦੋਂ ਕੋਈ ਇੰਤਿਹਾਪਸੰਦ ਹੋਵੇ ਅਤੇ ਖਾਲਿਸਤਾਨੀ ਹੋਵੇ ਕੀ ਉਹ ਮੰਤਰੀ ਬਣਨ ਦੇ ਕਾਬਲ ਹੈ? ਉਨ੍ਹਾਂ ਆਖਿਆ ਕਿ ਕੁੱਝ ਅਜਿਹੇ ਕਾਰਨ ਹੀ ਹਨ ਜਿਨ੍ਹਾਂ ਕਰਕੇ ਨਵਦੀਪ ਬੈਂਸ ਨੂੰ ਆਪਣਾ ਮੰਤਰੀ ਪਦ ਛੱਡਣਾ ਪਿਆ।

ਇੱਥੇ ਵਰਨਣਯੋਗ ਹੈ ਕਿ ਨਵਦੀਪ ਬੈਂਸ ਦੇ ਕਿਤੇ ਵੀ ਇੰਤਿਹਾਪਸੰਦ ਵਿਚਾਰ ਸੁਣਨ ਪੜ੍ਹਨ ਨੂੰ ਨਹੀਂ ਮਿਲਦੇ ਅਤੇ ਉਨ੍ਹਾਂ ਦੀ ਵਿਚਾਰਧਾਰਾ ਹਮੇਸ਼ਾਂ ਹੀ ਬਹੁਤ ਲਿਬਰਲ ਰਹੀ ਹੈ। ਇਸੇ ਤਰ੍ਹਾਂ ਹੀ ਰਮੇਸ਼ ਸੰਘਾ ਨੇ ਇਸ ਇੰਟਰਵਿਊ ਵਿੱਚ ਕਿਹਾ ਸੀ ਕਿ ਹੁਣ ਉਹ ਕਿਸੇ ਬੰਦਸ਼ ਵਿੱਚ ਨਹੀਂ ਰਹੇ ਸਗੋਂ ਇੱਕ ਆਜ਼ਾਦ ਉਮੀਦਵਾਰ ਵਜੋਂ ਵਿਚਰਨਗੇ। ਉਨ੍ਹਾਂ ਆਖਿਆ "ਜਦੋਂ ਮੈਨੂੰ ਕਾਕਸ ਵਿੱਚੋਂ ਕੱਢੇ ਜਾਣ ਦੀ ਗੱਲ ਸੁਣੀ ਤਾਂ ਪਹਿਲਾਂ ਤਾ ਮੈਨੂੰ ਝਟਕਾ ਜਿਹਾ ਲੱਗਿਆ ਫਿਰ ਮਹਿਸੂਸ ਕੀਤਾ ਕਿ ਮੈਂ ਹੁਣ ਆਜ਼ਾਦ ਹੋ ਗਿਆ ਹਾਂ।" ...ਬਾਕੀ ਪੰਨਾ 2 'ਤੇ

## ਟਰੈਵਲਰਜ਼ ਲਈ ਪਾਬੰਦੀਆਂ ਹੋਰ ਸਖ਼ਤ ਕਰਨ ਦਾ ਫਰੀਲੈਂਡ ਨੇ ਦਿੱਤਾ ਸੰਕੇਤ





ਓਟਵਾ, 25 ਜਨਵਰੀ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਕੋਵਿਡ-19 ਮਹਾਂਮਾਰੀ ਨਾਲ ਸਿੱਝਣ ਲਈ ਟਰੈਵਲ ਸਬੰਧੀ ਪਾਬੰਦੀਆਂ ਵਿੱਚ ਹੋਰ ਸਖ਼ਤੀ ਕਰਨ ਜਾ ਰਹੀ ਹੈ। ਵਿਦੇਸ਼ਾਂ ਤੋਂ ਗੈਰ ਜ਼ਰੂਰੀ ਸਫਰ ਕਰਕੇ ਆਉਣ ਵਾਲੇ ਏਅਰ ਟਰੈਵਲਰਜ਼ ਨੂੰ ਲਾਜ਼ਮੀ ਤੌਰ ਉੱਤੇ ਹੋਟਲ ਵਿੱਚ ਕੁਆਰਨਟੀਨ ਕਰਨਾ ਵੀ ਇਨ੍ਹਾਂ ਸਖ਼ਤੀਆਂ ਵਿੱਚ ਸ਼ਾਮਲ ਹੈ।

ਸੋਮਵਾਰ ਨੂੰ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਫਰੀਲੈਂਡ ਨੇ ਕੁਆਰਨਟੀਨ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਆਖਿਆ ਕਿ ਅਸੀਂ ਇਨ੍ਹਾਂ ਮਾਪਦੰਡਾਂ ਨੂੰ ਕਾਫੀ ਗੰਭੀਰਤਾ ਨਾਲ ਲੈ ਰਹੇ ਹਾਂ। ਫਰੈਂਚ ਵਿੱਚ ਗੱਲ ਕਰਦਿਆਂ ਫਰੀਲੈਂਡ ਨੇ ਇਸ ਮਹੀਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਖ਼ਤ ਪਾਬੰਦੀਆਂ ਲਾਏ ਜਾਣ ਦੇ ਪ੍ਰਗਟਾਏ ਵਿਚਾਰਾਂ ਦੀ ਹੀ ਤਰਜ਼ਮਾਨੀ ਕੀਤੀ। ਮਹਾਂਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਵਾਲੇ ਦੱਖਣੀ ਕੋਰੀਆ ਤੋਂ ਲੈ ਕੇ ਆਸਟਰੇਲੀਆ ਵਰਗੇ ਮੁਲਕਾਂ ਵਿੱਚ ਵਿਦੇਸ਼ਾਂ ਤੋਂ ਆਉਣ ਵਾਲੇ ਟਰੈਵਲਰਜ਼ ਨੂੰ 14 ਦਿਨਾਂ ਤੱਕ ਹੋਟਲ ਵਿੱਚ ਕੁਆਰਨਟੀਨ ਕੀਤਾ ਜਾਣਾ ਜ਼ਰੂਰੀ ਹੈ। ਨਿਊਜ਼ੀਲੈਂਡ, ਜਿੱਥੇ ਹੁਣ ਕੋਵਿਡ-19 ਦੇ 64 ਸਰਗਰਮ ਮਾਮਲੇ ਪਾਏ ਗਏ ਹਨ, ਵਿੱਚ ਵਿਦੇਸ਼ਾਂ ਤੋਂ ਆਉਣ ਵਾਲੇ ਟਰੈਵਲਰਜ਼ ਨੂੰ ਸਿੱਧਾ ਹੋਟਲ ਵਿੱਚ ਠਹਿਰਾਇਆ ਜਾਂਦਾ ਹੈ, ਜੋ ਕਿ ਆਈਸੋਲੇਸ਼ਨ ਫੈਸਿਲਿਟੀ ਹੈ। ਇੱਥੇ ਉਨ੍ਹਾਂ ਲੋਕਾਂ ਨੂੰ ਰੱਖਿਆ ਜਾਂਦਾ ਹੈ ਜਿਨ੍ਹਾਂ ਨੂੰ ਕੋਈ ਲੱਛਣ ਨਹੀਂ ਹੁੰਦੇ ਤੇ ਜੇ ਕੋਈ ਲੱਛਣ ਹੁੰਦੇ ਹਨ ਤਾਂ ਉਨ੍ਹਾਂ ਨੂੰ ਕੁਆਰਨਟੀਨ ਫੈਸਿਲਿਟੀ ਵਿੱਚ ਰੱਖਿਆ ਜਾਂਦਾ ਹੈ। ਦੱਖਣੀ ਕੋਰੀਆ ਵਿੱਚ ਟਰੈਵਲਰਜ਼ ਨੂੰ ਸਰਕਾਰ ਵੱਲੋਂ ਨਿਰਧਾਰਤ ਫੈਸਿਲਿਟੀ ਵਿੱਚ ਦੋ ਹਫਤਿਆਂ ਲਈ ਖੁਦ ਨੂੰ ਆਪਣੇ ਹੀ ਖਰਚੇ ਉੱਤੇ ਆਈਸੋਲੇਟ ਕਰਕੇ ਰੱਖਣਾ ਪੈਂਦਾ ਹੈ ਤੇ ਨਿਯਮਾਂ ਦੀ ਪਾਲਣਾ ਲਈ ਟਰੈਕਿੰਗ ਐਪ ਵੀ ਡਾਊਨਲੋਡ ਕਰਨਾ ਪੈਂਦਾ ਹੈ।

ਨੈਸ਼ਨਲ ਏਅਰਲਾਈਨਜ਼ ਕਾਊਂਸਲ ਆਫ ਕੈਨੇਡਾ ਦੇ ਹੈੱਡ ਮਾਈਕ ਮੈਕਨੈਨੇ ਨੇ ਆਖਿਆ ਕਿ ਅਜਿਹੇ ਸਖ਼ਤ ਮਾਪਦੰਡਾਂ ਲਈ ਫੈਡਰਲ ਸਰਕਾਰ ਵੱਲੋਂ ਏਅਰਲਾਈਨ ਇੰਡਸਟਰੀ ਨਾਲ ਸਲਾਹ ਨਹੀਂ ਕੀਤੀ ਗਈ ਹੈ। ਏਅਰ ਟਰਾਂਜ਼ੈਟ ਦੀ ਤਰਜ਼ਮਾਨ ਕ੍ਰਿਸਟੋਫੀ ਹੈਨੈਬੈਲ ਨੇ ਆਖਿਆ ਕਿ ਅਜੇ ਤੱਕ ਤਾਂ ਉਨ੍ਹਾਂ ਨਾਲ ਇਸ ਸਬੰਧ ਵਿੱਚ ਕੋਈ ਗੱਲ ਨਹੀਂ ਕੀਤੀ ਗਈ।

ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਸੋਮਵਾਰ ਨੂੰ ਇਹ ਮੰਗ ਕੀਤੀ ਗਈ ਕਿ ਸਰਕਾਰ ਨੂੰ ਹੋਟਲ ਕੁਆਰਨਟੀਨ ਲਾਜ਼ਮੀ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਤੇ ਵਿਦੇਸ਼ਾਂ ਤੋਂ ਗੈਰ ਜ਼ਰੂਰੀ ਟਰੈਵਲ ਉੱਤੇ ਵੀ ਪਾਬੰਦੀ ਲਾਈ ਜਾਣੀ ਚਾਹੀਦੀ ਹੈ। ਇਹੋ ਜਿਹੀ ਮੰਗ ਕਿਊਬਿਕ ਦੇ ਪ੍ਰੀਮੀਅਰ ਫਰੈਂਕੋਇਸ ਲੀਗਾਲਟ ਵੀ ਕਰ ਚੁੱਕੇ ਹਨ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਟਰੂਡੋ ਤੋਂ ਮੰਗ ਕੀਤੀ ਗਈ ਹੈ ਕਿ ਜ਼ਮੀਨੀ ਰਸਤੇ ਜਾਂ ਹਵਾਈ ਰਸਤੇ ਆਉਣ ਵਾਲੇ ਸਾਰੇ ਟਰੈਵਲਰਜ਼ ਦੀ ਟੈਸਟਿੰਗ ਲਾਜ਼ਮੀ ਬਣਾਈ ਜਾਵੇ।

## ਓਨਟਾਰੀਓ ਵਿਚ ਸਟੇਟ ਆਫ ਐਮਰਜੰਸੀ ਵਿਚ 14 ਦਿਨਾਂ ਲਈ ਕੀਤਾ ਗਿਆ ਵਾਧਾ



ਟੋਰਾਂਟੋ, 25 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਪ੍ਰੋਵਿੰਸ ਵਿੱਚ ਸਟੇਟ ਆਫ ਐਮਰਜੰਸੀ ਵਿੱਚ 14 ਦਿਨਾਂ ਦਾ ਵਾਧਾ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਸ ਨਾਲ ਸਬੰਧਤ ਸਾਰੇ ਹੁਕਮਾਂ ਵਿੱਚ ਵੀ ਵਾਧਾ ਕੀਤਾ ਗਿਆ ਹੈ, ਇਨ੍ਹਾਂ ਵਿੱਚ ਸਟੇਅ ਐਟ ਹੋਮ ਆਰਡਰ ਵੀ ਸ਼ਾਮਲ ਹਨ।

ਸਰਕਾਰ ਨੇ ਆਖਿਆ ਕਿ ਸਟੇਟ ਆਫ ਐਮਰਜੰਸੀ 12 ਜਨਵਰੀ ਨੂੰ ਐਮਰਜੰਸੀ ਮੈਨੇਜਮੈਂਟ ਐਂਡ ਸਿਵਲ ਪ੍ਰੋਟੈਕਸ਼ਨ ਐਕਟ (ਈਐਮਸੀਪੀਏ) ਤਹਿਤ ਐਲਾਨੀ ਗਈ ਸੀ ਤੇ ਸਟੇਅ ਐਟ ਹੋਮ ਆਰਡਰ ਵੀ 9 ਫਰਵਰੀ ਨੂੰ ਐਕਸਪਾਇਰ ਹੋਣਗੇ। ਜਦੋਂ ਪਹਿਲਾਂ ਪ੍ਰੀਮੀਅਰ ਡੱਗ ਫੋਰਡ ਵੱਲੋਂ ਸਟੇਟ ਆਫ ਐਮਰਜੰਸੀ ਦਾ ਐਲਾਨ ਕੀਤਾ ਗਿਆ ਸੀ ਤਾਂ ਇਹ 28 ਦਿਨਾਂ ਲਈ ਲਾਈ ਗਈ ਸੀ ਤੇ ਇਸ ਵਿੱਚ ਵਾਧਾ ਹੋਣ ਦੀ ਸੰਭਾਵਨਾ ਸੀ।

ਓਨਟਾਰੀਓ ਵਿੱਚ ਸਟੇਟ ਆਫ ਐਮਰਜੰਸੀ ਦੇ ਪ੍ਰਭਾਵੀ ਹੋਣ ਤੋਂ 14 ਦਿਨ ਬਾਅਦ ਇਸ ਵਿੱਚ ਕਾਨੂੰਨੀ ਤੌਰ ਉੱਤੇ ਵਾਧਾ ਕੀਤਾ ਜਾਣਾ ਜ਼ਰੂਰੀ ਸੀ। ਜੇ ਇਨ੍ਹਾਂ ਹੁਕਮਾਂ ਵਿੱਚ ਵਾਧਾ ਨਾ ਕੀਤਾ ਜਾਂਦਾ ਤਾਂ ਸਟੇਟ ਆਫ ਐਮਰਜੰਸੀ ਤੇ ਸਟੇਅ ਐਟ ਹੋਮ ਆਰਡਰ ਮੰਗਲਵਾਰ ਨੂੰ 12:01 ਵਜੇ ਆਪਣੇ ਆਪ ਐਕਸਪਾਇਰ ਹੋ ਜਾਂਦੇ। ਪਰ ਜਿਵੇਂ ਕਿ ਫੋਰਡ ਨੇ 12 ਜਨਵਰੀ ਨੂੰ ਇਹ ਸੰਕੇਤ ਦਿੱਤਾ ਸੀ ਕਿ ਇਹ ਹੁਕਮ 28 ਦਿਨਾਂ ਲਈ ਲਾਗੂ ਰਹਿਣਗੇ ਤੇ ਇਹ ਮਿਆਦ 11 ਫਰਵਰੀ ਤੱਕ ਬਣਦੀ ਹੈ, ਇਸ ਤੋਂ ਭਾਵ ਇਹ ਹੈ ਕਿ ਇਨ੍ਹਾਂ ਹੁਕਮਾਂ ਵਿੱਚ ਘੱਟੋ ਘੱਟ ਇੱਕ ਵਾਰੀ ਹੋਰ ਵਾਧਾ ਕੀਤਾ ਜਾਵੇਗਾ।

ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਪ੍ਰੋਵਿੰਸ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਹੋਣ ਵਾਲੇ ਵਾਧੇ ਕਾਰਨ ਪ੍ਰੋਵਿੰਸ ਦਾ ਹੈਲਥ ਕੇਅਰ ਸਿਸਟਮ ਪੂਰੀ ਤਰ੍ਹਾਂ ਚਰਮਰਾ ਗਿਆ ਸੀ। ਇਸ ਲਈ ਅਜਿਹਾ ਸਖ਼ਤ ਕਦਮ ਚੁੱਕਣਾ ਪਿਆ। ਇਨ੍ਹਾਂ ਹੁਕਮਾਂ ਦੀ ਉਲੰਘਣਾਂ ਕਰਨ ਵਾਲਿਆਂ ਨੂੰ ਜੁਰਮਾਨਾ ਤੇ ਸਜ਼ਾ ਹੋ ਸਕਦੀ ਹੈ। ਸਟੇਅ ਐਟ ਹੋਮ ਹੁਕਮਾਂ ਤਹਿਤ ਲੋਕਾਂ ਦੇ ਜਨਤਕ ਤੌਰ ਉੱਤੇ ਆਊਟਡੋਰ ਇੱਕਠੇ ਹੋਣ ਤੇ ਸੋਸ਼ਲ ਗੈਦਰਿੰਗਜ਼ ਦੀ ਸੀਮਾਂ ਵੀ ਪੰਜ ਵਿਅਕਤੀਆਂ ਤੱਕ ਹੀ ਸੀਮਤ ਕਰ ਦਿੱਤੀ ਗਈ ਹੈ।

## ਕਿਸਾਨ ਜਥੇਬੰਦੀਆਂ ਦਾ ਐਲਾਨ: ਟਰੈਕਟਰ ਪਰੇਡ ਮਗਰੋਂ ਪਹਿਲੀ ਫਰਵਰੀ ਨੂੰ ਪਾਰਲੀਮੈਂਟ ਵੱਲ ਕੂਚ ਵੀ ਕੀਤਾ ਜਾਵੇਗਾ



ਨਵੀਂ ਦਿੱਲੀ, 25 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਰਾਜਧਾਨੀ ਦਿੱਲੀ ਦੀਆਂ ਸਰਹੱਦਾਂ ਉੱਤੇਪਿਛਲੇ ਦੋ ਮਹੀਨਿਆਂ ਤੋਂ ਪ੍ਰਦਰਸ਼ਨ ਕਰ ਰਹੇ ਕਿਸਾਨ ਸੰਗਠਨਾਂ ਵਿਚੋਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਡਾ: ਦਰਸ਼ਨ ਪਾਲ ਨੇ ਅੱਜ ਸੋਮਵਾਰ ਨੂੰ ਕਿਹਾ ਕਿ 1 ਫਰਵਰੀ ਨੂੰ ਭਾਰਤੀ ਪਾਰਲੀਮੈਂਟ ਭਵਨ ਵੱਲ ਕਿਸਾਨ ਪੈਦਲ ਮਾਰਚ ਕਰਨਗੇ। ਵਰਨਣ ਯੋਗ ਹੈ ਕਿ ਭਾਰਤੀ ਪਾਰਲੀਮੈਂਟ ਦੇ ਬਜਟ ਸੈਸ਼ਨ ਦਾ ਪਹਿਲਾ ਗੇੜ 29 ਜਨਵਰੀ ਤੋਂ ਸ਼ੁਰੂ ਹੋ ਕੇ 15 ਫਰਵਰੀ ਤੱਕ ਚੱਲੇਗਾ ਅਤੇ 1 ਫਰਵਰੀ ਨੂੰ ਕੇਂਦਰ ਸਰਕਾਰ ਆਪਣਾ ਬੱਜਟ ਪੇਸ਼ ਕਰੇਗੀ। ਅੱਜ ਕਿਸਾਨ ਆਗੂਆਂ ਦੇ ਇਸ ਨਵੇਂ ਐਲਾਨ ਤੋਂ ਪਹਿਲਾਂ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਇੱਕ ਖਬਰ ਏਜੰਸੀ ਨਾਲ ਗੱਲਬਾਤ ਦੌਰਾਨ ਆਖਿਆ ਸੀ ਕਿ ਕਿਸਾਨ ਗਣਤੰਤਰ ਦਿਵਸ ਤੋਂ ਬਿਨਾ 'ਗਣਤੰਤਰ ਕਿਸਾਨ ਟਰੈਕਟਰ ਰੈਲੀ' ਲਈ ਕੋਈ ਹੋਰ ਦਿਨ ਚੁਣ ਸਕਦੇ ਸਨ, ਪਰ ਉਨ੍ਹਾਂ ਨੇ ਇਸ ਦਿਨ ਦਾ ਐਲਾਨ ਕੀਤਾ ਹੈ, ਜਿਸ ਦਾ ਚੰਗਾ ਅਸਰ ਨਹੀਂ ਪੈਂਦਾ। ਖੇਤੀ ਮੰਤਰੀ ਦੇ ਇਸ ਐਲਾਨ ਦੇ ਬਾਅਦ ਕਿਸਾਨਾਂ ਵੱਲੋਂ ਪਾਰਲੀਮੈਂਟ ਵੱਲ ਮਾਰਚ ਕਰਨ ਦਾ ਐਲਾਨ ਵੀ ਆ ਗਿਆ ਹੈ। ਇਸ ਸਥਿਤੀ ਵਿੱਚ ਤਨਾਅ ਦਾ ਇੱਕ ਹੋਰ ਦੌਰ ਸ਼ੁਰੂ ਹੋ ਸਕਦਾ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 / 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director, Member of ICCRC, Oath commissioner of Manitoba
Toronto: 149-2960 Drew Road, Mississauga Winnipeg: 678 McPhillipsStreet, Winnipeg

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

# ਬੈਂਸ ਉਤੇ ਗੰਭੀਰ ਦੋਸ਼ ਲਾਉਣ ਵਾਲੇ ਰਮੇਸ਼ ਸੰਘਾ ਨੂੰ ਲਿਬਰਲ ਕਾਕਸ ਵਿਚੋਂ ਕੀਤਾ ਗਿਆ ਬਾਹਰ

...ਪੰਨਾ 1 ਦਾ ਬਾਕੀ

ਸਨ 2019 ਵਿੱਚ ਵੀ ਰਮੇਸ਼ ਸੰਘਾ ਵੱਲੋਂ ਆਪਣੀ ਪਾਰਟੀ ਉੱਤੇ ਦੋਸ਼ ਲਾਏ ਗਏ ਸਨ ਕਿ ਇਹ ਪਾਰਟੀ ਖਾਲਿਸਤਾਨੀਆਂ ਦੀ ਪਿੱਠ ਥਾਪੜਦੀ ਹੈ ਜੋ ਚੰਗੀ ਗੱਲ ਨਹੀਂ ਹੈ।

ਸੋਮਵਾਰ ਨੂੰ ਸਰਕਾਰੀ ਵ੍ਹਿਪ ਮਾਰਕ ਹੌਲੈਂਡ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਉਨ੍ਹਾਂ ਨੂੰ ਪਿਛਲੇ ਹਫਤੇ ਇਸ ਸਬੰਧ ਵਿੱਚ ਜਾਣਕਾਰੀ ਮਿਲੀ ਸੀ ਕਿ ਸੰਘਾ ਨੇ ਆਪਣੇ ਕਾਕਸ ਦੇ ਕੁੱਝ ਕੁਲੀਗਜ਼ ਦੇ ਸਬੰਧ ਵਿੱਚ ਬੇਸਿਰ ਪੈਰ ਦੇ ਤੇ ਖਤਰਨਾਕ ਦੋਸ਼ ਲਾਏ ਹਨ। ਪਰ ਹੌਲੈਂਡ ਨੇ ਇਨ੍ਹਾਂ ਦੋਸ਼ਾਂ ਬਾਰੇ ਤਫਸੀਲ ਨਾਲ ਕੋਈ ਜਾਣਕਾਰੀ ਨਹੀਂ ਦਿੱਤੀ। ਪਰ ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਹੀ ਸੰਘਾ ਨੂੰ ਪਾਰਟੀ ਕਾਕਸ ਤੋਂ ਬਾਹਰ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਅਸੀਂ ਬਹੁਤ ਵਾਰੀ ਇਹ ਸਪਸ਼ਟ ਕਰ ਚੁੱਕੇ ਹਾਂ ਕਿ ਪਾਰਲੀਮਾਨੀ ਮੈਂਬਰਾਂ ਜਾਂ ਹੋਰਨਾਂ ਕੈਨੇਡੀਅਨਾਂ ਖਿਲਾਫ ਇਸ ਤਰ੍ਹਾਂ ਦੀਆਂ ਕਾਂਸਪੀਰੇਸੀ ਥਿਊਰੀਜ਼ ਤੇ ਖਤਰਨਾਕ ਇਲਜ਼ਾਮਾਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਲਿਬਰਲ ਕਾਕਸ ਨਸਲਵਾਦ ਤੇ ਅਸਹਿਣਸ਼ੀਲਤਾ ਦੇ ਖਿਲਾਫ ਹਮੇਸ਼ਾਂ ਸਟੈਂਡ ਲੈਣਾ ਜਾਰੀ ਰੱਖੇਗਾ।

# ਚੀਨੀ ਘੁਸਪੈਠ ਦਾ ਇੱਕ ਹੋਰ ਯਤਨ ਅਸਫ਼ਲ ਕਰ ਦਿੱਤਾ ਗਿਆ

*** ਭਾਰਤੀ ਫ਼ੌਜ ਮੁਤਾਬਕ 20 ਜਨਵਰੀ ਨੂੰ ਮਾਮੂਲੀ ਝੜਪ ਹੋਈ**



ਨਵੀਂ ਦਿੱਲੀ, 25 ਜਨਵਰੀ, (ਪੋਸਟ ਬਿਊਰੋ)- ਪਿਛਲੇ ਹਫ਼ਤੇ ਉੱਤਰੀ ਸਿੱਕਮ ਦੇ ਨਾਕੂ ਲਾ ਖੇਤਰ ਵਿਚ ਚੀਨ ਦੇ ਨਾਲ ਲੱਗਦੀ ਅਸਲ ਕੰਟਰੋਲ ਰੇਖਾ (ਐਲਏਸੀ) ਵੱਲੋਂ ਭਾਰਤ ਵਿੱਚ ਚੀਨੀ ਫੌਜਾਂ ਦੀ ਘੁਸਪੈਠ ਦੀ ਕੋਸ਼ਿਸ਼ ਨੂੰ ਭਾਰਤੀ ਫੌਜਾਂ ਨੇ ਇੱਕ ਵਾਰ ਫਿਰ ਨਾਕਾਮ ਕਰ ਦਿਤਾ ਸੀ। ਇਸ ਵਿਚ ਦੋਵੇਂ ਦੇਸ਼ਾਂ ਦੇ ਫੌਜੀ ਜਵਾਨ ਜ਼ਖ਼ਮੀ ਹੋਏ ਸਨ, ਜਿਸ ਦੇ ਸੰਬੰਧ ਵਿੱਚ ਭਾਰਤੀ ਫ਼ੌਜ ਨੇ ਇਕ ਬਿਆਨ ਜਾਰੀ ਕੀਤਾ ਹੈ ਕਿ 20 ਜਨਵਰੀ ਨੂੰ ਦੋਵਾਂ ਫ਼ੌਜਾਂ ਵਿਚਾਲੇ ਮਾਮੂਲੀ ਝੜਪ ਹੋਈ ਸੀ, ਜਿਸ ਨੂੰ ਸਥਾਨਕ ਕਮਾਂਡਰਾਂ ਨੇ ਉਸ ਖੇਤਰ ਵਿਚਲੇ ਪ੍ਰੋਟੋਕਾਲ ਦੇ ਤਹਿਤ ਹੱਲ ਕਰ ਲਿਆ ਹੈ। ਖਬਰਾਂ ਤੋਂ ਪਤਾ ਲੱਗਾ ਹੈ ਕਿ ਇਸ ਝੜਪ ਵਿਚ 4 ਭਾਰਤੀ ਅਤੇ 20 ਚੀਨੀ ਸੈਨਿਕ ਜ਼ਖ਼ਮੀ ਹੋਏ ਸਨ।

ਵਰਨਣ ਯੋਗ ਹੈ ਕਿ ਬੀਤੇ ਐਤਵਾਰ ਨੂੰ ਦੋਵਾਂ ਦੇਸ਼ਾਂ ਵਿਚਾਲੇ 9ਵੇਂ ਗੇੜ ਦੀ ਫ਼ੌਜੀ ਗੱਲਬਾਤ ਦੇ ਖ਼ਤਮ ਹੋਣ ਪਿੱਛੋਂ ਇਹ ਮੁੱਦਾ ਸੋਮਵਾਰ ਚਰਚਾ ਵਿੱਚ ਆਇਆ ਹੈ। ਪੂਰਬੀ ਲੱਦਾਖ਼ ਦੀ ਸਰਹੱਦ ਉੱਤੇ ਦੋਵਾਂ ਦੇਸ਼ਾਂ ਦਾ ਤਣਾਅ ਘੱਟ ਕਰਨ ਲਈ ਭਾਰਤ ਤੇ ਚੀਨ ਵਿਚਐਤਵਾਰ ਫੌਜੀਗੱਲਬਾਤ ਹੋਈ ਸੀ। ਇਸ ਖੇਤਰ ਦੇ ਚੁਸ਼ੂਲ ਇਲਾਕੇ ਦੇ ਦੂਸਰੇ ਪਾਸੇ ਮੋਲਦੋ ਵਿਖੇ ਹੋਈ ਇਹ ਗੱਲਬਾਤ ਐਤਵਾਰ ਸਵੇਰੇ 11 ਵਜੇ ਸ਼ੁਰੂ ਹੋ ਕੇ ਸੋਮਵਾਰ ਸਵੇਰੇ 2:30 ਵਜੇ ਤਕ 15 ਘੰਟੇ ਤੋਂ ਵੱਧ ਚੱਲੀ ਸੀ।ਭਾਰਤ-ਚੀਨ ਸਰਹੱਦ ਉੱਤੇ ਤਣਾਅ ਦੇ ਹੱਲ ਲਈ ਕਈ ਗੇੜ ਦੀਗੱਲਬਾਤ ਹੋ ਚੁੱਕੀ ਹੈ, ਪਰ ਅਜੇ ਤਕ ਇਸ ਦਾ ਕੋਈ ਹੱਲ ਨਹੀਂ ਮਿਲ ਸਕਿਆ। ਇਸ ਤੋਂ ਪਹਿਲਾਂ ਸੈਨਿਕ ਗੱਲਬਾਤ 6 ਨਵੰਬਰ 2020 ਨੂੰ ਹੋਈ ਸੀ।

ਤਾਜ਼ਾ ਘਟਨਾ ਬਾਰੇ ਪਤਾ ਲੱਗਾ ਹੈ ਕਿ ਚੀਨੀ ਫ਼ੌਜ ਭਾਰਤੀ ਸਰਹੱਦ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੀ ਸੀ, ਜਿਸ ਨੂੰ ਰੋਕਣ ਲਈ ਭਾਰਤੀ ਸੈਨਿਕਾਂ ਨੇ ਜਵਾਬੀ ਹਮਲਾ ਕੀਤਾ ਸੀ। ਇਸਦੌਰਾਨ 20 ਚੀਨੀ ਤੇ ਚਾਰ ਭਾਰਤੀ ਸੈਨਿਕ ਜ਼ਖ਼ਮੀ ਹੋਏ ਹਨ। ਇਸ ਤੋਂ ਪਹਿਲਾਂ ਪਿਛਲੇ ਸਾਲ 15 ਜੂਨ ਨੂੰ ਪੂਰਬੀ ਲੱਦਾਖ਼ ਦੀ ਗਲਵਾਨ ਘਾਟੀ ਦੇ ਪੁਆਇੰਟ 14 ਵਿਖੇ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਵਿਚ ਹੋਈ ਹਿੰਸਕ ਝੜਪ ਵਿਚ ਇਕ ਕਰਨਲ ਸਣੇ 20 ਭਾਰਤੀ ਸੈਨਿਕ ਮਾਰੇ ਗਏ ਸਨ ਅਤੇ ਲੱਦਾਖ਼ ਦਾ ਨਾਕੂ ਲਾ ਖੇਤਰ ਵੀ ਪਿਛਲੇ ਸਾਲ ਦੋਵਾਂ ਦੇਸ਼ਾਂ ਵਿਚਾਲੇ ਵਿਵਾਦਾਂ ਵਿਚ ਆ ਗਿਆ ਸੀ। ਪਿਛਲੇ ਸਾਲ ਅਪ੍ਰੈਲ-ਮਈ ਤੋਂ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਏਥੇ ਐੱਲ ਏ ਸੀ ਉੱਤੇ ਤਾਇਨਾਤ ਹਨ। ਪਹਿਲਾਂਸਾਲ 2017 ਵਿਚ ਡੋਕਲਾਮ ਵਿਚ ਭਾਰਤ ਅਤੇ ਚੀਨ ਦੀਆਂ ਫ਼ੌਜਾਂ ਇਕ-ਦੂਸਰੇ ਦੇ ਸਾਹਮਣੇ ਹੋਈਆਂ ਸਨ।

# ਰਵਨੀਤ ਬਿੱਟੂ ਅਤੇ ਕੁਲਬੀਰ ਜ਼ੀਰਾ ਉੱਤੇ ਹਮਲੇ ਕਾਰਨ ਪੰਜਾਬ ਦੀ ਰਾਜਨੀਤੀ ਹੋਰ ਭੜਕੀ

*** ਅਮਰਿੰਦਰ ਨੇ ਕਿਹਾ: ਹਮਲਾ ਆਮ ਆਦਮੀ ਪਾਰਟੀ ਨੇ ਕਰਵਾਇਐ * ਰਾਘਵ ਚੱਢਾ ਕਹਿੰਦੈ: ਭੇਤ ਖੁੱਲ੍ਹਾ ਤਾਂ ਕਿਸਾਨ ਕਾਂਗਰਸੀਆਂ ਨੂੰ ਪਏ ਨੇ**






ਪਟਿਆਲਾ, 25 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਲੁਧਿਆਣਾ ਹਲਕੇ ਤੋਂ ਕਾਂਗਰਸ ਪਾਰਲੀਮੈਂਟ ਮੈਂਬਰਰਵਨੀਤ ਸਿੰਘ ਬਿੱਟੂ ਤੇ ਜ਼ੀਰਾ ਹਲਕੇ ਤੋਂ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਉੱਤੇ ਇੱਕ ਦਿਨ ਪਹਿਲਾ ਹੋਏ ਹਮਲੇ ਅਤੇ ਉਨ੍ਹਾਂ ਦੀ ਪੱਗ ਲਾਹੇ ਜਾਣ ਨਾਲ ਪੰਜਾਬ ਦੀ ਰਾਜਨੀਤੀ ਹੋਰ ਵੀ ਭੜਕ ਪਈ ਜਾਪਦੀ ਹੈ।

ਇਸ ਸੰਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਏਥੇ ਆਖਿਆ ਕਿ ਸਿੰਘੂ ਬਾਰਡਰ ਉੱਤੇਕਾਂਗਰਸੀ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂਅਤੇ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਉੱਤੇਹੋਇਆ ਹਮਲਾ ਆਮ ਆਦਮੀ ਪਾਰਟੀ ਨੇ ਕਰਾਇਆ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਆਮ ਆਦਮੀ ਪਾਰਟੀ ਦੇ ਕੈਂਪ ਨੇੜੇ ਵਾਪਰੀ ਹੈ ਤੇ ਸਾਰੀ ਇਸ ਪਾਰਟੀ ਦੀ ਸ਼ਾਜਿਸ਼ ਹੈ। ਅਮਰਿੰਦਰ ਸਿੰਘ ਨੇਪੱਤਰਕਾਰਾਂ ਨਾਲ ਗੱਲਬਾਤ ਵੇਲੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਇਹ ਧੱਕਾ-ਨੀਤੀ ਬਰਦਾਸ਼ਤ ਨਹੀਂ ਕੀਤਾ ਜਾ ਸਕਦੀ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਸਬੰਧੀ ਨਰਿੰਦਰ ਮੋਦੀ ਸਰਕਾਰ ਵੱਲੋਂ ਬਣਾਈ ਕਮੇਟੀ ਬਾਰੇ ਆਮ ਆਦਮੀ ਪਾਰਟੀ ਵੱਲੋਂ ਲਾਏ ਗਏ ਦੋਸ਼ ਗਲਤ ਹਨ।ਪਹਿਲਾਂ ਪੰਜਾਬ ਨੂੰ ਇਸ ਕਮੇਟੀ ਵਿਚ ਸ਼ਾਮਲ ਨਹੀਂ ਸੀ ਕੀਤਾ ਗਿਆ, ਜਦੋਂ ਸ਼ਾਮਲ ਕੀਤਾ ਤਾਂ ਸਾਡੀ ਹਾਜ਼ਰੀ ਵਿੱਚ ਇਹ ਮੁੱਦਾ ਰੱਖਿਆ ਨਹੀਂ ਸੀ ਗਿਆ। ਪੰਜਾਬ ਦੇ ਮਾਇਕ ਮਾਮਲਿਆਂ ਬਾਰੇ ਖਜਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਦਾ ਪੱਖ ਓਥੇ ਰੱਖਿਆ ਸੀ, ਪਰ ਖੇਤੀ ਕਾਨੂੰਨਾਂਬਾਰੇ ਪੰਜਾਬ ਸਰਕਾਰ ਨੇ ਕਦੇ ਸਹਿਮਤੀ ਨਹੀਂ ਦਿੱਤੀ।

ਆਮ ਆਦਮੀ ਪਾਰਟੀ ਦੇ ਆਗੂ ਰਾਘਵ ਚੱਢਾ ਉੱਤੇ ਭੜਕੇ ਹੋਏਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਚਨਾ ਅਧਿਕਾਰ ਕਾਨੂੰਨ (ਆਰਟੀਆਈ) ਵਾਲੀਅਰਜ਼ੀ ਨੂੰ ਅਧਾਰ ਬਣਾ ਕੇ ਤਰਕ ਤੇ ਪੂਰੇ ਗਿਆਨ ਤੋਂ ਬਿਨਾਂ ਗਲਤ ਬਿਆਨਬਾਜੀ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਨਾਲ ਹੀ ਉਸ ਨੇਕਿਸਾਨੀ ਸੰਘਰਸ਼ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਹੈ।

ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਕੋ-ਇੰਚਾਰਜ ਰਾਘਵ ਚੱਢਾ ਤੇ ਯੂਥ ਵਿੰਗ ਦੀ ਮੀਤ ਪ੍ਰਧਾਨ ਅਨਮੋਲ ਗਗਨ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਖੇਤੀ ਕਾਨੂੰਨਾਂ ਬਾਰੇ ਬੋਲੇ ਝੂਠ ਦਾ ਆਰਟੀਆਈ ਨਾਲ ਪਰਦਾਫਾਸ਼ ਹੋਣ ਪਿੱਛੋਂ ਕਿਸਾਨ ਕਾਂਗਰਸੀ ਆਗੂਆਂ ਦੇ ਵਿਰੁੱਧ ਹੋ ਰਹੇ ਹਨ। ਇਨ੍ਹਾਂ ਦੋਵਾਂ ਨੇ ਕਿਹਾ ਕਿ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂਦੀ ਕਿਸਾਨਾਂ ਦੇ ਖ਼ਿਲਾਫ ਬਿਆਨਬਾਜ਼ੀ ਕਾਰਨਕਿਸਾਨਾਂ ਨੇ ਉਸ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦੋਵਾਂ ਨੇਬਿੱਟੂਵੱਲੋਂ ਆਮ ਆਦਮੀ ਪਾਰਟੀਵਿਰੁੱਧ ਲਾਏ ਦੋਸ਼ ਰੱਦ ਕਰ ਕੇ ਕਿਹਾ ਕਿ ਰਵਨੀਤ ਬਿੱਟੂ ਸੋਚੀ ਸਮਝੀ ਸਾਜ਼ਿਸ਼ ਹੇਠ ਬਿਆਨਬਾਜ਼ੀ ਕਰਕੇ ਕਿਸਾਨਾਂ ਵਿਚ ਗਏ ਹਨ। ਉਨ੍ਹਾਂ ਨੇ ਕਿਹਾ ਕਿ ਬਿੱਟੂ ਨੇ ਕਿਸਾਨਾਂ ਵੱਲੋਂ ਕੀਤੇ ਵਿਰੋਧ ਦਾ ਨਾਂ ਆਮ ਆਦਮੀ ਪਾਰਟੀ ਨਾਲ ਜੋੜ ਦਿੱਤਾ ਕਿ ਇਸ ਪਾਰਟੀ ਨੇ ਵਿਰੋਧ ਕਰਾਇਆ ਹੈ, ਪਰ ਇਸ ਵਿਚ ਆਮ ਆਦਮੀ ਪਾਰਟੀ ਦਾ ਕੋਈ ਹੱਥ ਨਹੀਂ, ਬਿੱਟੂ ਦਾ ਵਿਰੋਧ ਕਰਨ ਵਾਲੇ ਆਮ ਲੋਕ ਹਨ। ਬਿੱਟੂ ਅਤੇ ਉਨ੍ਹਾਂ ਦੀ ਪਾਰਟੀ ਕਿਸਾਨਾਂ ਨੂੰ ਬਦਨਾਮ ਕਰਨ ਲਈ ਇਹ ਸਭ ਕੇਂਦਰ ਸਰਕਾਰ ਨਾਲ ਮਿਲੀਭੁਗਤ ਹੋਣ ਕਰਕੇ ਹੀ ਕਰ ਰਹੇ ਹਨ।

# ਰਾਮ ਰਹੀਮ ਦਾ ਚੇਲਿਆਂ ਨੂੰ ਦਿਲਾਸਾ, ਜੇਲ੍ਹ ਵਿੱਚੋਂ ਮਾਂ ਅਤੇ ਸਮਰਥਕਾਂ ਨੂੰ ਚਿੱਠੀ ਲਿਖ ਕੇ ਕਿਹਾ: ਜਲਦੀ ਡੇਰੇ ਵਿੱਚ ਆ ਜਾਵਾਂਗਾ



ਰੋਹਤਕ, 25 ਜਨਵਰੀ, (ਪੋਸਟ ਬਿਊਰੋ)- ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੇ ਆਪਣੀ ਮਾਂ ਤੇ ਡੇਰਾ ਪੈਰੋਕਾਰਾਂ ਨੂੰ ਇਕ ਪੱਤਰਲਿਖ ਕੇ ਇਹ ਉਮੀਦ ਜਤਾਈ ਹੈ ਕਿ ਉਹ ਡੇਰਾ ਸੱਚਾ ਸੌਦਾ ਵਿੱਚ ਜਲਦੀ ਆ ਸਕਦਾ ਹੈ। ਉਸ ਨੇ ਲਿਖਿਆ ਹੈ, ਜੇ ਰੱਬ ਨੇ ਚਾਹਿਆ ਤਾਂ ਉਹ ਜਲਦੀ ਆ ਕੇ ਆਪਣੀ ਮਾਂ ਦਾ ਇਲਾਜ ਕਰਵਾਏਗਾ ਅਤੇ ਡੇਰੇ ਵਿੱਚ ਹੋਵੇਗਾ।

ਵਰਨਣ ਯੋਗ ਹੈ ਕਿ ਗੁਰਮੀਤ ਰਾਮ ਰਹੀਮ ਦੀ ਇਹ ਚਿੱਠੀ ਡੇਰਾ ਸੱਚਾ ਸੌਦਾ ਦੇ ਦੂਸਰੇ ਗੁਰੂ ਸ਼ਾਹ ਸਤਨਾਮ ਦੇ 102ਵੇਂ ਜਨਮਦਿਨਮੌਕੇ ਹੋਏ ਸਤਿਸੰਗ ਪ੍ਰੋਗਰਾਮ ਵਿੱਚ ਪੜ੍ਹ ਕੇ ਸੁਣਾਈ ਗਈ ਹੈ। ਇਸ ਪੱਤਰ ਵਿੱਚ ਰਾਮ ਰਹੀਮ ਨੇ ਲਿਖਿਆ ਹੈ, 'ਜੇ ਰੱਬ ਚਾਹੇ ਤਾਂ ਮੈਂ ਜਲਦੀ ਆ ਜਾਵਾਂਗਾ ਤੇ ਆਪਣੀ ਮਾਂ ਦਾ ਇਲਾਜ ਕਰਾਵਾਂਗਾ।' ਉਸ ਨੂੰ ਲਿਖਿਆ ਹੈ ਕਿ ਜਦੋਂ ਮੈਂ ਹਸਪਤਾਲ ਵਿੱਚ ਆਪਣੀ ਮਾਂ ਨੂੰ ਮਿਲਣ ਆਇਆ ਤਾਂ ਉਨ੍ਹਾਂ ਦੀ ਸਿਹਤ ਗੰਭੀਰ ਸੀ। ਮੈਨੂੰ ਮਿਲਣ ਪਿੱਛੋਂ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਆਇਆ ਸੀ।' ਰਾਮ ਰਹੀਮ ਨੇ ਆਪਣੀ ਮਾਂ ਅਤੇ ਸੰਗਤ ਨੂੰ ਇਸ ਤੋਂ ਪਹਿਲਾਂ 13 ਮਈ 2020 ਅਤੇ 28 ਜੁਲਾਈ ਨੂੰ ਵੀ ਇੱਕ-ਇੱਕ ਪੱਤਰ ਲਿਖਿਆ ਸੀ।

ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ 25 ਅਗਸਤ 2017 ਨੂੰ ਸਪੈਸ਼ਲ ਸੀਬੀਆਈ ਕੋਰਟ ਨੇ ਦੋ ਔਰਤਾਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ 20 ਸਾਲ ਦੀ ਸਜਾ ਅਤੇ ਜਨਵਰੀ 2019 ਵਿੱਚ ਰਾਮ ਰਹੀਮ ਅਤੇ ਤਿੰਨ ਹੋਰ ਲੋਕਾਂ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਦੀ ਕਤਲ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ।



## ਅੱਜ ਨਾਮਾ

ਫਸਿਆ ਪਾਕਿ ਦਾ ਮੁਖੀ ਇਮਰਾਨ ਟੇਢਾ,
ਮੁੱਕਦੀ ਮੁਸ਼ਕਲਾਂ ਦੀ ਨਾਹੀਂ ਲੜੀ ਬੇਲੀ।
ਪਹਿਲੀ ਔਕੜ ਦਾ ਲੱਭਦਾ ਹੱਲ ਹੈ ਨਹੀਂ,
ਦੂਸਰੀ ਹੁੰਦੀ ਕੋਈ ਬੂਹੇ 'ਤੇ ਖੜੀ ਬੇਲੀ।
ਹੁੰਦਾ ਜ਼ਬਤ ਕੋਈ ਕਦੇ ਜਹਾਜ਼ ਉਸ ਦਾ,
ਹੋਟਲ ਜ਼ਬਤੀਆਂ ਦੀ ਜਿੱਦਾਂ ਝੜੀ ਬੇਲੀ।
ਰਿਹਾ ਦਿਨ ਜਾਂ ਰਾਤ ਦਾ ਫਰਕ ਹੈ ਨਹੀਂ,
ਹਰ ਕੋਈ ਜਾਪਦੀ ਔਖੀ ਹੈ ਘੜੀ ਬੇਲੀ।
ਓਧਰ ਫਸਿਆ ਸੰਸਾਰ ਵਿੱਚ ਬਹੁਤ ਡਾਢਾ,
ਏਧਰ ਮੁਲਕ ਵਿੱਚ ਮੰਦੜਾ ਹਾਲ ਹੋਇਆ।
ਭਰ ਲਏ ਆਗੂਆਂ ਸੁਣੇ ਕਈ ਮਾਲ-ਖਾਨੇ,
ਓਦਾਂ ਮੁਲਕਇਹ ਪਿਆ ਕੰਗਾਲ ਹੋਇਆ।

**ਤੀਸ ਮਾਰ ਖਾਂ**

# ਗਣਤੰਤਰ ਦਿਵਸ ਤੋਂ ਪਹਿਲੀ ਸ਼ਾਮ ਰਾਸ਼ਟਰਪਤੀ ਨੇ ਕਿਸਾਨਾਂ ਅਤੇ ਫੌਜੀਆਂ ਦੇ ਗੁਣ ਗਾਏ

ਨਵੀਂ ਦਿੱਲੀ, 25 ਜਨਵਰੀ, (ਪੋਸਟ ਬਿਊਰੋ)- ਗਣਤੰਤਰ ਦਿਵਸ 26 ਜਨਵਰੀ ਤੋਂ ਪਹਿਲੀ ਸ਼ਾਮਰਿਵਾਇਤ ਮੁਤਾਬਕ ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਦੇਸ਼ ਵਾਸੀਆਂ ਨੂੰ ਸੰਬੋਧਿਤ ਕੀਤਾ ਤਾਂ ਕਿਹਾ ਕਿ ਸਾਡੇ ਕੌਮੀ ਤਿਉਹਾਰਾਂ ਨੂੰ ਸਾਰੇ ਭਾਰਤੀ ਲੋਕ ਦੇਸ਼-ਪ੍ਰੇਮ ਦੀ ਭਾਵਨਾ ਨਾਲ ਹੀ ਮਨਾਉਂਦੇ ਹਨ।

ਦੇਸ਼ ਵਾਸੀਆਂ ਦੇ ਨਾਂਅ ਆਪਣੇ ਸੰਬੋਧਨ ਵਿੱਚ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਕਿਹਾ ਕਿ ਅਸਲੋਂ ਹੀ ਉਲਟ ਕੁਦਰਤੀ ਸਥਿਤੀਆਂ, ਅਨੇਕ ਚੁਣੌਤੀਆਂ ਅਤੇ ਕੋਵਿਡ ਦੀ ਆਫਤ ਦੇ ਬਾਵਜੂਦ ਸਾਡੇ ਕਿਸਾਨ ਭਰਾ-ਭੈਣਾਂ ਨੇ ਖੇਤੀਬਾੜੀ ਉਤਪਾਦਨ ਵਿੱਚ ਕਮੀ ਨਹੀਂ ਆਉਣ ਦਿੱਤੀ। ਇਹ ਦੇਸ਼ ਸਾਡੇ ਅੰਨ-ਦਾਤਾ ਕਿਸਾਨਾਂ ਦੇ ਭਲੇਲਈ ਪੂਰੀ ਤਰ੍ਹਾਂ ਵਚਨਬੱਧ ਹੈ। ਰਾਸ਼ਟਰਪਤੀ ਨੇ ਕਿਹਾ ਕਿ ਸਿਆਚਿਨ ਅਤੇ ਗਲਵਾਨ ਘਾਟੀ ਵਿੱਚ ਮਾਈਨਸ 50 ਤੋਂ 60 ਡਿਗਰੀ ਤਾਪਮਾਨ ਵਾਲੀ ਸਭ ਕੁਝ ਜਮਾਂ ਦੇਣ ਵਾਲੀ ਸਰਦੀ ਤੋਂ ਲੈ ਕੇ ਜੈਸਲਮਰ ਵਿੱਚ 50 ਡਿਗਰੀ ਸੈਂਟੀਗਰੇਡ ਤੋਂ ਉੱਪਰ ਵਾਲੇ ਤਾਪਮਾਨ ਦੀ ਝੁਲਸਾ ਦੇਣ ਵਾਲੀ ਗਰਮੀ ਵਿੱਚਧਰਤੀ, ਆਕਾਸ਼ ਤੇ



ਵੱਡੇਸਮੁੰਦਰੀ ਕੰਢੇ ਵਾਲੇ ਖੇਤਰਾਂ ਵਿੱਚ ਭਾਰਤ ਦੇ ਲੜਾਕੂ ਜਵਾਨ ਇਸ ਦੀ ਸੁਰੱਖਿਆ ਦਾ ਫਰਜ਼ ਹਰ ਪਲ ਨਿਭਾਉਂਦੇ ਹਨ। ਫੌਜੀਆਂ ਦੀ ਬਹਾਦਰੀ, ਦੇਸ਼ ਪ੍ਰੇਮ ਅਤੇ ਕੁਰਬਾਨੀ ਉੱਤੇ ਸਾਰੇ ਦੇਸ਼ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਪੁਲਾੜ ਤੋਂ ਖੇਤ ਤੱਕ, ਵਿ-ਦਅਕ ਅਦਾਰਿਆਂ ਤੋਂ ਲੈ ਕੇ ਹਸਪਤਾਲਾਂ ਤੱਕ ਭਾਰਤ ਦੇ ਵਿਗਿਆਨੀ ਭਾਈਚਾਰੇ ਨੇ ਸਾਡਾ ਜੀਵਨ ਅਤੇ ਕੰਮ-ਧੰਦਾ ਪਹਿਲਾਂ ਤੋਂ ਬਿਹਤਰ ਬਣਾਇਆ ਤੇ ਦਿਨ-ਰਾਤ ਮਿਹਨਤ ਨਾਲ ਕੋਰੋਨਾ-ਵਾਇਰਸ ਨੂੰ ਡੀ-ਕੋਡ ਕਰਕੇ ਬਹੁਤ ਘੱਟ ਸਮੇਂ ਵਿੱਚ ਵੈਕਸੀਨ ਬਣਾ ਕੇ ਭਾਰਤ ਦੇ ਵਿਗਿਆਨੀਆਂ ਨੇ ਪੂਰੀ ਮਨੁੱਖਤਾ ਦੇ ਭਲੇ ਲਈ ਨਵਾਂ ਇਤਿਹਾਸ ਰਚਿਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਕਾਰਨ ਸਾਡੇ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਦੀ ਸਿੱਖਿਆ ਪ੍ਰਕਿਰਿਆ ਵਿੱਚ ਅੜਿੱਕੇ ਪੈਣ ਦਾ ਖ਼ਤਰਾ ਪੈਦਾ ਹੋ ਗਿਆ ਸੀ, ਪਰ ਸਾਡੇ ਸੰਸਥਾਨਾਂ ਅਤੇ ਅਧਿਆਪਕਾ ਨੇ ਨਵੀਂ ਟੈਕਨੀਕ ਨਾਲ ਯਕੀਨੀ ਕੀਤਾ ਕਿ ਵਿਦਿਆਰਥੀਆਂ ਦੀ ਸਿੱਖਿਆ ਲਗਾਤਾਰ ਚੱਲਦੀ ਰਹੇ। ਇਸ ਮਹਾਮਾਰੀ ਨੇ ਦੇਸ਼ ਦੇ ਡੇਢ ਲੱਖ ਤੋਂ ਵੱਧ ਨਾਗਰਿਕਾਂ ਨੂੰ ਆਪਣੀ ਚਪੇਟ ਵਿੱਚ ਲੈ ਲਿਆ ਸੀ, ਰਾਸ਼ਟਰਪਤੀ ਨੇ ਉਨ੍ਹਾਂ ਦੇ ਦੁਖੀ ਪਰਿਵਾਰਾਂ ਪ੍ਰਤੀ ਆਪਣੀ ਸੰਵੇਦ-ਨਾ ਵੀ ਜ਼ਾਹਿਰ ਕੀਤੀ ਹੈ।

## ਸਿੰਧੀਆਂ 'ਤੇ ਜ਼ੁਲਮ: ਪਾਕਿਸਤਾਨੀ ਸਰਕਾਰਸਿੱਧੀ ਸੱਭਿਅਤਾ ਨੂੰ ਖਤਮ ਕਰਨ ਉੱਤੇ ਉਤਾਰੂ ਦੱਸੀ ਗਈ

ਫਰੈਂਕਫਰਟ, 25 ਜਨਵਰੀ (ਪੋਸਟ ਬਿਊਰੋ)- ਦੇਸ਼ ਨਿਕਾਲਾ ਦਿੱਤੇ ਗਏ ਇੱਕਸਿੰਧੀ ਨੇਤਾ ਨੇ ਪਾਕਿਸਤਾਨ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਉਹ ਸਿਆਸੀ ਵਰਕਰਾਂ ਨੂੰ ਝੂਠੇ ਦੋਸ਼ਾਂ 'ਚ ਫਸਾ ਰਹੀ ਹੈ। ਉਸਦੀ ਕੋਸ਼ਿਸ਼ ਹੈ ਕਿ ਸਿੰਧ ਸੂਬੇ ਵਿੱਚ ਨਾਜਾਇਜ਼ ਕਬਜ਼ਿਆਂ ਤੇ ਵਸੀਲਿਆਂ ਦੇ ਸ਼ੋਸ਼ਣ ਖ਼ਿਲਾਫ਼ ਅਤੇ ਮਨੁੱਖੀ ਅਧਿਕਾਰਾਂ ਦੇ ਹੱਕ 'ਚ ਉਠਣ ਵਾਲੀ ਹਰ ਆਵਾਜ਼ ਨੂੰ ਚੁੱਪ ਕਰਵਾ ਦਿੱਤਾ ਜਾਵੇ, ਜਿਸ ਦੇ ਖਿਲਾਫ ਸਿੰਧੀ ਲੋਕ ਲੜ ਰਹੇ ਹਨ।

ਸਿੰਧੀ ਨੇਤਾ ਬਰਫਤ ਇਸ ਵੇਲੇ ਜਰਮਨੀ ਵਿੱਚ ਰਹਿ ਰਹੇ ਹਨ। ਉਹ ਸਿੰਧ ਉੱਤੇ ਪਾਕਿਸਤਾਨੀ ਕਬਜ਼ੇ ਦੇ ਖ਼ਿਲਾਫ਼ ਲੰਮੇ ਸਮੇਂ ਤੋਂ ਸਿੰਧੂ ਦੇਸ਼ ਲਈ ਸੰਘਰਸ਼ ਕਰ ਰਹੇ ਹਨ। ਸਿੰਧ ਵਿੱਚ ਉਨ੍ਹਾਂ ਦੀ ਪਾਰਟੀ ਨੇ ਵੱਖ ਸਿੰਧੂ ਦੇਸ਼ ਦੀ ਮੰਗ ਲਈ ਜ਼ਬਰਦਸਤ ਵਿਖਾਵਾ ਕੀਤਾ ਸੀ। ਉਨ੍ਹਾਂ ਕਿਹਾ ਕਿ ਪਾਕਿ ਸਰਕਾਰ ਸਿਆਸੀ ਵਰਕਰਾਂ ਨੂੰ ਝੂਠੇ ਦੋਸ਼ਾਂ ਵਿੱਚ ਫਸਾ ਰਹੀ ਹੈ ਅਤੇ ਅੰਦੋਲਨ ਤੇਜ਼ ਹੋਣ ਪਿੱਛੋਂ ਪਾਕਿ ਸਰਕਾਰ ਵੱਲੋਂ ਜ਼ੁਲਮ ਵਧ ਗਿਆ ਹੈ। ਸਰਕਾਰ ਨੇ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਨੇਤਾਵਾਂ ਖ਼ਿਲਾਫ਼ ਕੇਸ ਦਰਜ ਕੀਤੇ ਹਨ। ਇਸ ਅੰਦੋਲਨ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਦੁਨੀਆ ਦੇ ਕਈ ਨੇਤਾਵਾਂ ਦੀਆਂ ਤਸਵੀਰਾਂ ਨਾਲ ਵਿਖਾਵੇ ਕੀਤੇ ਗਏ ਸਨ। ਬਰਫਤ ਨੇ ਕਿਹਾ ਕਿ ਸਿੰਧ ਸੂਬੇ ਵਿੱਚ ਪਾਕਿਸਤਾਨ ਸਰਕਾਰ ਉਥੋਂ ਦੀ ਸੱਭਿਅਤਾ ਨੂੰ ਪੂਰੀ ਤਰ੍ਹਾਂ ਖਤਮ ਕਰਨ 'ਤੇ ਉਤਾਰੂ ਹੈ ਅਤੇ ਜਿਹੜਾ ਵੀ ਆਜ਼ਾਦੀ ਲਈ ਆਵਾਜ਼ ਉਠਾਉਂਦਾ ਹੈ, ਉਸ 'ਤੇ ਜ਼ੁਲਮ ਕੀਤੇ ਜਾਂਦੇ ਹਨ।

## ਰਾਜੋਆਣਾ ਨੂੰ ਫਾਂਸੀ ਦਾ ਫੈਸਲਾ ਕਰਨ ਲਈ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਆਖਰੀ ਮੌਕਾ ਦਿੱਤਾ

ਨਵੀਂ ਦਿੱਲੀ, 25 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਕਤਲਕੇਸ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਬਦਲਣ ਦੀ ਮੰਗ ਕਰਦੀ ਪਟੀਸ਼ਨ ਉੱਤੇ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਤੋਂ 3 ਹਫ਼ਤੇ ਦਾ ਹੋਰ ਸਮਾਂ ਮੰਗਿਆ ਹੈ। ਇਸਬਾਰੇ ਭਾਰਤ ਦੇ ਚੀਫ਼ ਜਸਟਿਸ ਐਸ ਏ ਬੋਬੜੇ ਨੇ ਪੁੱਛਿਆ ਹੈ ਕਿ ਸਰਕਾਰ ਤਿੰਨ ਹਫ਼ਤੇ ਹੋਰ ਕਿਉਂ ਮੰਗਦੀ ਹੈ, ਜਦ ਕਿ ਉਸ ਨੇ 26 ਜਨਵਰੀ ਤੋਂ ਪਹਿਲਾਂ ਦੀ ਗੱਲ ਕਹੀ ਸੀ।

ਸੁਪਰੀਮ ਕੋਰਟ ਨੇ ਬਲਵੰਤ ਸਿੰਘ ਰਾਜੋਆਣਾਬਾਰੇ ਫੈਸਲਾ ਲੈਣ ਲਈਕੇਂਦਰ ਸਰਕਾਰ ਨੂੰ ਆਖਰੀ ਮੌਕਾ ਦੇਣ ਦੇ ਲਈ ਸਿਰਫ ਦੋ ਹਫ਼ਤੇ ਦਾ ਸਮਾਂ ਦਿੱਤਾ ਅਤੇ ਸੁਣਵਾਈ ਦੋ ਹਫ਼ਤੇ ਲਈ



ਮੁਲਤਵੀ ਕਰ ਦਿੱਤੀ ਹੈ। ਪਿਛਲੀ ਸੁਣਵਾਈ ਦੇ ਵਕਤ ਸੁਪਰੀਮ ਕੋਰਟ ਨੇ ਕਿਹਾ ਸੀ ਕਿ 26 ਜਨਵਰੀ ਤੱਕ ਕੇਂਦਰ ਸਰਕਾਰ ਬਲਵੰਤ ਸਿੰਘ ਰਾਜੋਆਣਾ ਦੀ ਅਰਜ਼ੀਦਾਫੈਸਲਾ ਕਰੇ, ਜਿਸ ਵਿਚ ਸਜ਼ਾ ਘੱਟ ਕਰਨ ਦੀ ਮੰਗ ਕੀਤੀ ਗਈ ਹੈ। ਬਲਵੰਤ ਸਿੰਘ ਕਰੀਬ 25 ਸਾਲਾਂ ਤੋਂ ਜੇਲ੍ਹ ਵਿੱਚ ਹੈ। ਸਾਲ 1995 ਵਿਚ ਚੰਡੀਗੜ੍ਹ ਵਿਚ ਸਕੱਤਰੇਤ ਅੱਗੇ ਹੋਏ ਬੰਬ ਧਮਾਕੇ ਵਿਚ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਸਣੇ 18 ਲੋਕ ਮਾਰੇ ਗਏ ਸੀ। ਰਾਜੋਆਣਾ ਬਾਰੇ ਅਪੀਲ 9 ਸਾਲਾਂ ਤੋਂ ਰਾਸ਼ਟਰਪਤੀ ਕੋਲ ਪੈਂਡਿੰਗ ਹੈ।

# ਬ੍ਰਿਟਿਸ਼ ਸਨਾਈਪਰ ਦਾ 900 ਮੀਟਰ ਦੀ ਦੂਰੀ ਤੋਂ ਅਚੂਕ ਨਿਸ਼ਾਨਾ

*** ਇੱਕ ਗੋਲੀ ਨਾਲ ਪੰਜ ਆਈ ਐਸ ਅੱਤਵਾਦੀ ਮਾਰੇ**

ਲੰਡਨ, 25 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਸਪੈਸ਼ਲ ਏਅਰ ਸਰਵਿਸ (ਐਸ ਏ ਐਸ) ਦੇ ਜਾਂਬਾਜ਼ ਸਨਾਈਪਰ ਨੇ ਆਪਣੇ ਨਿਸ਼ਾਨੇ ਨਾਲ ਅੱਤਵਾਦੀਆਂ ਵਿੱਚ ਭਾਜੜ ਮਚਾ ਦਿੱਤੀ ਹੈ। ਇਸ ਜਵਾਨ ਨੇ ਸੀਰੀਆ ਵਿੱਚ ਲਗਭਗ 900 ਮੀਟਰ ਦੂਰੀ ਤੋਂ ਸਟੀਕ ਨਿਸ਼ਾਨਾ ਲਾ ਕੇ ਇੱਕੋ ਗੋਲੀ ਨਾਲ ਆਈ ਐਸ ਦੇ ਪੰਜ ਅੱਤਵਾਦੀ ਮਾਰ ਸੁੱਟੇ। ਇਨ੍ਹਾਂ ਵਿੱਚ ਇੱਕ ਅੱਤਵਾਦੀ ਜਥੇਬੰਦੀ ਦਾ ਸੀਨੀਅਰ ਕਮਾਂਡਰ ਦੱਸਿਆ ਜਾ ਰਿਹਾ ਹੈ।

ਇੱਕ ਰਿਪੋਰਟ ਅਨੁਸਾਰ ਸਪੈਸ਼ਲ ਏਅਰ ਸਰਵਿਸ (ਐਸ ਏ ਐਸ) ਦੇ ਇਸ ਸਾਰਜੈਂਟ ਨੇ ਸੀਰੀਆ ਵਿੱਚ ਤੈਨਾਤੀ ਵੇਲੇ ਇਹ ਕਾਰਨਾਮਾ ਕੀਤਾ। ਇਸ ਸਨਾਈਪਰ ਨੇ ਸੀਰੀਆ ਵਿੱਚ ਜੇਹਾਦੀ ਆਤਮਘਾਤੀ ਕਾਤਲ ਦੀ ਧਮਾਕਾ ਖੇਜ ਬਾਰੂਦ ਨਾਲ ਭਰੀ ਜੈਕੇਟ 'ਤੇ ਲਗਭਗ 900 ਮੀਟਰ ਦੂਰੀ ਤੋਂ ਨਿਸ਼ਾਨਾ ਲਾਇਆ। ਓਦੋਂ ਉਹ ਜੇਹਾਦੀ ਇੱਕ ਕੈਮਰੇ 'ਤੇ ਧਮਾਕੇ ਦੇ ਪਹਿਲੇ ਸੰਦੇਸ਼ ਨੂੰ ਰਿਕਾਰਡ ਕਰ ਰਿਹਾ ਸੀ। ਗੋਲੀ ਲੱਗਣ ਨਾਲ ਉਸ ਦੀ ਜੈਕੇਟ ਵਿੱਚ ਧਮਾਕਾ ਹੋ ਗਿਆ, ਜਿਸ ਕਾਰਨ ਉਥੇ ਮੌਜੂਦ ਚਾਰ ਹੋਰ ਅੱਤਵਾਦੀ ਵੀ ਮਾਰੇ ਗਏ। ਪਤਾ ਲੱਗਾ ਹੈ ਕਿ ਬ੍ਰਿਟਿਸ਼ ਐਸ ਏ ਐਸ ਕਮਾਂਡੋ ਕਈ ਦਿਨਾਂ ਤੋਂ



ਆਈ ਐਸ ਦੀ ਇਸ ਸੀਕ੍ਰੇਟ ਬੰਬ ਫੈਕਟਰੀ 'ਤੇ ਨਜ਼ਰ ਰੱਖ ਰਹੇ ਸਨ। ਨਵੰਬਰ ਵਿੱਚ ਉਨ੍ਹਾਂ ਨੂੰ ਇਸ ਫੈਕਟਰੀ ਵਿੱਚ ਜ਼ਿਆਦਾ ਹੀ ਸ਼ੱਕੀ ਗਤੀਵਿਧੀਆਂ ਦਿੱਸਣ ਲੱਗੀਆਂ ਸਨ ਜਿਸ ਦੇ ਬਾਅਦ ਐਕਸ਼ਨ ਦਾ ਫੈਸਲਾ ਕੀਤਾ ਗਿਆ। ਕਮਾਂਡੋ ਦੀ ਟੀਮ ਨੇ ਇਸ ਫੈਕਟਰੀ ਤੋਂ ਪੰਜ ਅੱਤਵਾਦੀਆਂ ਨੂੰ ਬਾਹਰ ਆਉਂਦੇ ਦੇਖਿਆ। ਉਨ੍ਹਾਂ ਵਿੱਚੋਂ ਇੱਕ ਆਤਮਘਾਤੀ ਕਾਤਲ ਨੂੰ ਫਿਲਮਾ ਰਿਹਾ ਸੀ, ਜੋ ਮੁਸਕੁਰਾਉਂਦੇ ਹੋਏ ਕੈਮਰੇ 'ਤੇ ਗੱਲਾਂ ਕਰ ਰਿਹਾ ਸੀ।ਐਸ ਏ ਐਸ ਦੇ ਕਮਾਂਡੋ ਨੇ ਇਸ ਦੀ ਸੂਚਨਾ ਆਪਣੇ ਬੇਸ ਨੂੰ ਦਿੱਤੀ ਕਿ ਉਸ ਦੇ ਨਿਸ਼ਾਨੇ 'ਤੇ ਇੱਕ ਆਤਮਘਾਤੀ ਹਮਲਾਵਰ ਹੈ। ਪਹਿਲਾਂ ਇਹ ਯੋਜਨਾ ਬਣਾਈ ਗਈ ਕਿ ਇੱਕ ਗੋਲੀ ਨਾਲ ਕੇਵਲ ਉਹੋ ਹਮਲਾਵਰ ਮਾਰ ਦਿੱਤਾ ਜਾਏ, ਜਿਸ ਤੋਂ ਉਸ ਦੀ ਪਛਾਣ ਹੋ ਸਕੇ, ਪਰ ਟੀਚੇ ਦੀ ਦੂਰੀ ਜ਼ਿਆਦਾ ਹੋਣ ਦੇ ਕਾਰਨ ਅਤੇ ਹਵਾ ਵਿੱਚ ਅਚਾਨਕ ਹੋਏ ਬਦਲਾਅ ਨਾਲ ਗੋਲੀ ਉਸ ਆਤਮਘਾਤੀ ਹਮਲਾਵਰ ਦੀ ਧਮਾਕਿਆਂ ਨਾਲ ਭਰੀ ਜੈਕੇਟ 'ਤੇ ਜਾ ਲੱਗੀ, ਜਿਸ ਦੇ ਕਾਰਨ ਹੋਏ ਧਮਾਕੇ ਵਿੱਚ ਸਾਰੇ ਪੰਜ ਅੱਤਵਾਦੀ ਮਾਰੇ ਗਏ।

# ਬ੍ਰਹਮਪੁੱਤਰ ਦਰਿਆ ਉਤੇ ਵੀ ਚੀਨ ਡੈਮ ਬਣਾਉਣ ਦੀ ਤਿਆਰੀ 'ਚ




ਨਵੀਂ ਦਿੱਲੀ, 25 ਜਨਵਰੀ (ਪੋਸਟ ਬਿਊਰੋ)- ਲੱਦਾਖ ਤੇ ਅਰੁਣਾਚਲ ਪ੍ਰਦੇਸ਼ ਵਿੱਚ ਡੈਡਲਾਕ ਦੇ ਦੌਰਾਨ ਚੀਨ ਪਾਣੀ ਦੇ ਖੇਤਰ ਵਿੱਚ ਵੀ ਭਾਰਤ ਨਾਲ ਰੇੜਕਾ ਪਾਉਣ ਦੇ ਯਤਨਾਂ ਵਿੱਚ ਹੈ। ਇਸ ਕਾਰਨ ਦੋਹਾਂ ਦੇਸ਼ਾਂ ਵਿਚਾਲੇ ਪਾਣੀ ਦੀ ਜੰਗ ਛਿੜ ਸਕਦੀ ਹੈ। ਇਸ ਦੇ ਨਾਲ ਚੀਨ ਪੂਰਬੀ ਲੱਦਾਖ ਦੇ ਦੇਪਸਾਂਗ ਵਿਖੇ ਚੁੱਪ-ਚਾਪ ਆਪਣੀ ਸਥਿਤੀ ਨੂੰ ਮਜ਼ਬੂਤ ਕਰ ਰਿਹਾ ਹੈ। ਦੌਲਤ ਬੇਗ ਓਲਡੀ ਨੇੜੇ ਨਵੀਆਂ ਥਾਵਾਂ 'ਤੇ ਉਹ ਆਪਣੇ ਫੌਜੀਆਂ ਨੂੰ ਤਾਇਨਾਤ ਕਰ ਰਿਹਾ ਹੈ।

'ਏਸ਼ੀਆ ਟਾਈਮਜ਼' ਦੀ ਰਿਪੋਰਟ ਮੁਤਾ-ਬਕ ਚੀਨ ਯਾਰਲੁੰਗ ਜੰਗਬਾਓ ਦਰਿਆ 'ਤੇ ਡੈਮ ਬਣਾਉਣ ਦੀ ਤਿਆਰੀ ਵਿੱਚ ਹੈ। ਇਹੋ ਦਰਿਆ ਭਾਰਤ ਵਿੱਚ ਆਉਣ 'ਤੇ ਬ੍ਰਹਮਪੁੱਤਰ ਬਣ ਜਾਂਦਾ ਹੈ। ਜੇਚੀਨ ਇਸ 'ਤੇ ਡੈਮ ਬਣਾਉਂਦਾ ਹੈ ਤਾਂ ਇਸ ਕਾਰਨ ਭਾਰਤ ਦੇ ਨਾਲ ਬੰਗਲਾਦੇਸ਼ ਨੂੰ ਜਾਣ ਵਾਲੇ ਪਾਣੀ ਦਾ ਵਹਾਅ ਵੀ ਪ੍ਰਭਾਵਤ ਹੋਵੇਗਾ। ਚੀਨ ਨੇ ਡੈਮ ਬਣਾਉਣ ਤੋਂ ਪਹਿਲਾਂ ਪਾਣੀ ਸਮਝੌਤੇ ਨੂੰ ਲਾਂਭੇ ਕਰਕੇ ਦੋਹਾਂ ਗੁਆਂਢੀ ਦੇਸ਼ਾਂ ਨਾਲ ਕੋਈ ਚਰਚਾ ਤੱਕ ਨਹੀਂ ਕੀਤੀ।

ਖੇਤਰੀ ਮੀਡੀਆ ਦੀਆਂ ਰਿਪੋਰਟਾਂ ਮੁਤਾ-ਬਕ ਇਸ ਡੈਮ ਦੇ ਬਣਨ ਮਗਰੋਂ ਚੀਨ ਆਪਣੇ ਲਈ ਤਿੰਨ ਗੁਣਾ ਵੱਧ ਬਿਜਲੀ ਪੈਦਾ ਕਰੇਗਾ। ਬ੍ਰਹਮਪੁੱਤਰ ਅਤੇ ਗਲੇਸ਼ੀਅਰ ਦੋਵੇਂ ਚੀਨ ਵਿੱਚੋਂ ਨਿਕਲਦੇ ਹਨ। ਦਰਿਆ ਦੇ ਉਪਰਲੇ ਖੇਤਰ ਵਿੱਚ ਹੋਣ ਕਾਰਨ ਚੀਨ ਲਾਭ ਦੀ ਹਾਲਤ ਵਿੱਚ ਹੈ। ਪਾਣੀ ਦੇ ਵਹਾਅ ਨੂੰ ਜਾਣ-ਬੁਝ ਕੇ ਰੋਕਣ ਲਈ ਉਹ ਬੁਨਿਆਦੀ ਢਾਂਚੇ ਦੀ ਉਸਾਰੀ ਕਰ ਸਕਦਾ ਹੈ। ਪਹਿਲਾਂ ਵੀ ਚੀਨ ਆਪਣੀ ਪਣ ਬਿਜਲੀ ਯੋਜਨਾ ਦਾ ਵੇਰਵਾ ਦੇਣ ਤੋਂ ਟਾਲਦਾ ਰਿਹਾ ਹੈ। ਬੰਗਲਾਦੇਸ਼, ਜਿਸ ਦੇ ਚੀਨ ਨਾਲ ਵਧੀਆ ਸਬੰਧ ਹਨ, ਨੇ ਵੀ ਉਕਤ ਡੈਮ ਦਾ ਵਿਰੋਧ ਕੀਤਾ ਹੈ।

## ਥਾਣੇਦਾਰ ਬੇਟੀ ਨੇ ਹੈਲਮੇਟ ਨਾ ਪਾਉਣ ਵਾਲੇ ਬਾਪ ਦਾ ਚਲਾਣ ਕੱਟਿਆ



ਇਟਾਵਾ, 25 ਜਨਵਰੀ (ਪੋਸਟ ਬਿਊਰੋ)- ਇੱਕਦਿਨ ਲਈ ਹੀ ਥਾਣੇਦਾਰ ਦੀ ਭੂਮਿਕਾ ਮਿਲੀ, ਪਰ ਬੀ ਐਸ ਸੀ ਦੀ ਵਿਦਿਆਰਥਣ ਆਕਾਂਕਸ਼ਾ ਨੇ ਇਹ ਅਹੁਦਾ ਸੰਭਾਲਦੇ ਸਾਰ ਪੁਲਸ ਦੇ ਲਈ ਨਿਰਪੱਖ ਕਾਰਵਾਈ ਦੀ ਮਿਸਾਲ ਪੇਸ਼ ਕੀਤੀ। ਵਾਹਨ ਚੈਕਿੰਗ ਦੌਰਾਨ ਬਿਨਾਂ ਹੈਲਮੇਟ ਦਿੱਸੇ ਆਪਣੇ ਪਿਤਾ ਦਾ ਵੀ ਚਲਾਨ ਕੱਟ ਦਿੱਤਾ। ਬਾਜ਼ਾਰ ਵਿੱਚ ਕਬਜ਼ੇ ਛੁਡਾਉਣ ਤੋਂ ਲੈ ਕੇ ਥਾਣੇ ਵਿੱਚ ਆਉਣ ਵਾਲੇ ਫਰਿਆਦੀਆਂ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਦੇ ਹੁਕਮ ਦਿੱਤੇ। ਬਾਲਿਕਾ ਦਿਵਸ ਮੌਕੇ ਜ਼ਿਲਾ ਇਟਾਵਾ ਦੇ ਥਾਣਾ ਉਸਰਾਹਾਰ ਵਿੱਚ ਇੰਚਾਰਜ ਅਹੁਦੇ 'ਤੇ ਆਕਾਂਕਸ਼ਾ ਗੁਪਤਾ ਅਤੇ ਸਬ ਇੰਸਪੈਕਟਰ ਅਹੁਦੇ 'ਤੇ ਕ੍ਰਿਤੀ ਨੇ ਚਾਰਜ ਸੰਭਾਲਿਆ। ਆਕਾਂਕਸ਼ਾ ਨੇ ਥਾਣੇ ਦੀ ਜਾਂਚ ਕੀਤੀ। ਸਾਰੇ ਪੁਲਸ ਮੁਲਾਜ਼ਮਾਂ ਨਾਲ ਜਾਣ-ਪਛਾਣ ਦੇ ਬਾਅਦ ਥਾਣੇ ਵਿੱਚ ਫਰਿਆਦ ਲੈ ਕੇ ਆਏ ਭੋਲਾ ਸਕਸੈਨਾ ਦੀ ਅਰਜ਼ੀ 'ਤੇ ਲੋੜੀਂਦੀ ਕਾਰਵਾਈ ਦੇ ਹੁਕਮ ਦਿੱਤੇ। ਕਸਬੇ ਵਿੱਚ ਵਾਹਨ ਚੈਕਿੰਗ ਦੇ ਦੌਰਾਨ ਆਕਾਂਕਸ਼ਾ ਨੇ ਬਾਈਕ 'ਤੇ ਬਿਨਾਂ ਹੈਲਮੇਟ ਜਾ ਰਹੇ ਆਪਣੇ ਪਿਤਾ ਅਰਵਿੰਦ ਗੁਪਤਾ ਨੂੰ ਰੋਕਿਆ ਅਤੇ ਚਲਾਨ ਕੱਟਣ ਦੇ ਹੁਕਮ ਦਿੱਤੇ। ਭਵਿੱਖ ਵਿੱਚ ਪਰਵਾਰ ਦੀ ਭਲਾਈ ਲਈ ਹੈਲਮੇਟ ਪਾ ਕੇ ਬਾਈਕ ਚਲਾਉਣ ਦੀ ਸਲਾਹ ਦਿੱਤੀ। ਇਸ 'ਤੇ ਅਰਵਿੰਦ ਨੇ ਬੇਟੀ ਦੇ ਸਾਹਮਣੇ ਅੱਗੇ ਤੋਂ ਅਜਿਹੀ ਗਲਤੀ ਦੋਬਾਰਾ ਨਾ ਕਰਨ ਦੀ ਸਹੁੰ ਖਾਧੀ। ਆਕਾਂਕਸ਼ਾ ਥਾਣਾ ਇੰਚਾਰਜ ਬਣਾਏ ਜਾਣ 'ਤੇ ਬੇਹੱਦ ਖੁਸ਼ ਦਿਸੀ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਨੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days
Forklift Re-Certification Only $79.00/-



Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਕੇਰਲ ਵਿੱਚ ਚੀਤਾ ਮਾਰ ਕੇ ਖਾਣ ਦੇ ਦੋਸ਼ ’ਚ ਪੰਜ ਲੋਕ ਗ੍ਰਿਫ਼ਤਾਰ



ਇੱਡੂਕੀ, 25 ਜਨਵਰੀ (ਪੋਸਟ ਬਿਊਰੋ)- ਕੇਰਲ ਦੇ ਇੱਡੂਕੀ ਜ਼ਿਲ੍ਹੇ ਵਿੱਚ ਇੱਕ ਚੀਤਾ ਮਾਰ ਕੇ ਉਸਦਾ ਮਾਸ ਖਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਬਾਰੇ ਪੰਜ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਪੁਲਸ ਅਨੁਸਾਰ ਇੱਡੂਕੀ ਜ਼ਿਲ੍ਹੇ ਦੇ ਪਿੰਡ ਦੇ ਪੰਜ ਵਾਸੀਆਂ ਉਤੇ ਇੱਕ ਚੀਤੇ ਨੂੰ ਮਾਰ ਕੇ ਉਸ ਦਾ ਮਾਸ ਖਾਣ ਦਾ ਦੋਸ਼ ਲੱਗਾ ਹੈ। ਜੰਗਲਾਤ ਅਧਿਕਾਰੀਆਂ ਨੇ ਦਸਿਆ ਕਿ ਇੱਡੂਕੀ ਜ਼ਿਲ੍ਹੇ ਦੇ ਮੈਨਕੁਲਮ ਵਿੱਚ ਰਹਿੰਦੇ ਪੰਜ ਲੋਕਾਂ ਨੂੰ ਚੀਤੇ ਦਾ ਮਾਸ ਖਾਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਘਟਨਾ 20 ਜਨਵਰੀ ਨੂੰ ਇੱਡੂਕੀ ਜ਼ਿਲ੍ਹੇ ਦੇ ਮਨਕੂਲਮ ਖੇਤਰ ਵਿੱਚ ਵਾਪਰੀ ਸੀ। ਪੰਜ ਮੁਲਜ਼ਮਾਂ ਦੀ ਪਛਾਣ ਵਿਨੋਦ, ਕੁਰੀਕੋਸ, ਬੀਨੂੰ, ਕੁੰਜੱਪਨ ਅਤੇ ਵਿਨਸੈਂਟ ਵਜੋਂ ਹੋਈ ਹੈ, ਜਿਨ੍ਹਾਂ ਨੂੰ ਮਨਕੂਲਮ ਵਣ ਰੇਂਜ ਅਧਿਕਾਰੀ ਉਧਯ ਸੂਰੀਆਨ ਨੇ ਗ੍ਰਿਫ਼ਤਾਰ ਕੀਤਾ ਸੀ। ਸੂਰੀਆਨ ਨੇ ਦਸਿਆ ਕਿ ਵਿਨੋਦ ਨੇ ਜੰਗਲੀ ਜਾਨਵਰਾਂ ਦੇ ਸ਼ਿਕਾਰ ਲਈ ਆਪਣੇ ਘਰ ਦੇ ਆਲੇ-ਦੁਆਲੇ ਜਾਲ ਪਾਇਆ ਹੋਇਆ ਸੀ, ਜੋ ਕਿ ਜੰਗਲ ਦੇ ਨੇੜੇ ਸਥਿਤ ਹੈ।ਜੰਗਲਾਤ ਅਧਿਕਾਰੀ ਨੇ ਦੱਸਿਆ ਕਿ ਚੀਤੇ ਦੇ ਜਾਲ ਵਿੱਚ ਫਸਣ ਤੋਂ ਬਾਅਦ ਵਿਨੋਦ ਅਤੇ ਹੋਰਾਂ ਨੇ ਜਾਨਵਰ ਨੂੰ ਮਾਰ ਦਿੱਤਾ, ਇਸ ਦਾ ਮਾਸ ਪਕਾਇਆ ਅਤੇ ਖਾਧਾ। ਉਨ੍ਹਾਂ ਨੇ ਦੱਸਿਆ ਕਿ ਮੁਲਜ਼ਮਾਂ ਨੇ ਜਾਨਵਰ ਦੇ ਦੰਦ, ਨਹੁੰ ਅਤੇ ਚਮੜੀ ਨੂੰ ਵੱਖ ਰੱਖਿਆ, ਕਿਉਂਕਿ ਉਹ ਉਨ੍ਹਾਂ ਨੂੰ ਵੇਚਣਾ ਚਾਹੁੰਦੇ ਸਨ।

# ਫਾਈਜ਼ਰ ਦੀਆਂ ਡੋਜ਼ਾਂ ਹਾਸਲ ਹੋਣ ਵਿੱਚ ਹੋ ਰਹੀ ਦੇਰ ਕਾਰਨ ਫੋਰਡ ਸਰਕਾਰ ਨੇ ਬਦਲਿਆ ਆਪਣਾ ਸ਼ਡਿਊਲ

ਓਨਟਾਰੀਓ, 25 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਲਾਂਗ ਟਰਮ ਕੇਅਰ ਸਟਾਫ ਤੇ ਅਸੈਂਸ਼ੀਅਲ ਵਰਕਰਜ਼ ਨੂੰ ਦਿੱਤੀ ਜਾਣ ਵਾਲੀ ਕੋਵਿਡ-19 ਵੈਕਸੀਨੇਸ਼ਨ ਨੂੰ ਥੋੜ੍ਹੇ ਸਮੇਂ ਲਈ ਰੋਕਿਆ ਜਾ ਰਿਹਾ ਹੈ ਤਾਂ ਕਿ ਡੋਜ਼ਾਂ ਦੀ ਘਾਟ ਕਾਰਨ ਇਹ ਸ਼ੌਟਸ ਸਾਰੇ ਨਰਸਿੰਗ ਹੋਮ ਰੈਜ਼ੀਡੈਂਟਸ ਨੂੰ ਦਿੱਤੇ ਜਾ ਸਕਣ।

ਸਰਕਾਰ ਨੇ ਦੱਸਿਆ ਕਿ ਵੈਕਸੀਨ ਪਲੈਨ ਵਿੱਚ ਇਸ ਤਬਦੀਲੀ ਤੋਂ ਮਤਲਬ ਹੈ ਕਿ ਹੁਣ 5 ਫਰਵਰੀ ਤੱਕ ਸਾਰੇ ਲਾਂਗ ਟਰਮ ਕੇਅਰ ਹੋਮ ਰੈਜ਼ੀਡੈਂਟਸ, ਹਾਈ ਰਿਸਕ ਰਿਟਾਇਰਮੈਂਟ ਹੋਮ ਰੈਜ਼ੀਡੈਂਟਸ ਤੇ ਫਰਸਟ ਨੇਸ਼ਨਜ਼ ਦੇ ਐਲਡਰ ਕੇਅਰ ਰੈਜ਼ੀਡੈਂਟਸ ਨੂੰ ਇਸ ਵੈਕਸੀਨ ਦੀ ਪਹਿਲੀ ਡੋਜ਼ ਦੇ ਦਿੱਤੀ ਜਾਵੇਗੀ। ਇਹ ਟੀਚਾ ਪਹਿਲਾਂ ਮਿਥੇ ਗਏ ਟੀਚੇ, ਜੋ ਕਿ 15 ਫਰਵਰੀ ਸੀ, ਤੋਂ ਪਹਿਲਾਂ ਹੀ ਹਾਸਲ ਕਰ ਲਿਆ ਜਾਵੇਗਾ। ਪਰ ਪਹਿਲਾਂ ਲਾਂਗ ਟਰਮ ਕੇਅਰ ਸਟਾਫ ਤੇ ਕੇਅਰਗਿਵਰਜ਼ ਦਾ ਟੀਕਾਕਰਣ ਵੀ ਨਾਲ ਹੀ ਹੋਣਾ ਸੀ।

ਜਿਨ੍ਹਾਂ ਨੂੰ ਫਾਈਜ਼ਰ-ਬਾਇਓਐਨਟੈਕ ਦਾ ਪਹਿਲਾ ਟੀਕਾ ਲੱਗ ਚੁੱਕਿਆ ਹੈ, ਉਨ੍ਹਾਂ ਨੂੰ ਇਸ ਵੈਕਸੀਨ ਦੀ ਦੂਜੀ ਡੋਜ਼ ਦੇਣ ਲਈ ਵੀ ਇੰਤਜ਼ਾਮ ਕੀਤੇ ਜਾ ਰਹੇ ਹਨ। ਫੋਰਡ ਸਰਕਾਰ ਦਾ ਕਹਿਣਾ ਹੈ ਕਿ ਉਹ ਪਹਿਲੀ ਤੇ ਦੂਜੀ ਡੋਜ਼ ਵਿੱਚ 21 ਤੋਂ 27 ਦਿਨ ਦਾ ਫਰਕ ਬਰਕਰਾਰ ਰੱਖੇਗੀ ਤੇ ਹੋਰਨਾਂ ਗਰੁੱਪਜ਼ ਲਈ ਦੋਵਾਂ ਡੋਜ਼ਾਂ ਦਰਮਿਆਨ ਇਹ ਅੰਤਰਾਲ 42 ਦਿਨਾਂ ਦਾ ਹੋਵੇਗਾ। ਪ੍ਰੋਵਿੰਸ ਨੂੰ ਇਸ ਸਮੇਂ ਫਾਈਜ਼ਰ-ਬਾਇਓਐਨਟੈਕ ਵੈਕਸੀਨ ਦੀ ਡਲਿਵਰੀ ਵਿੱਚ ਹੋਣ ਵਾਲੀ ਦੇਰ ਨਾਲ ਸਿੱਝਣਾ ਪੈ ਰਿਹਾ ਹੈ। ਇਸ ਹਫਤੇ ਕੋਈ ਡਲਿਵਰੀ ਨਹੀਂ ਪਹੁੰਚ ਰਹੀ।



ਫੋਰਡ ਨੇ ਸੋਮਵਾਰ ਨੂੰ ਆਖਿਆ ਕਿ ਅਸੀਂ ਵੈਕਸੀਨ ਦੀ ਖੇਪ ਦੇ ਮੁੱਦੇ ਨੂੰ ਅਣਗੌਲਿਆ ਨਹੀਂ ਕਰ ਸਕਦੇ। ਫਾਈਜ਼ਰ ਵੈਕਸੀਨ ਦੀਆਂ ਡੋਜ਼ਾਂ ਵਿੱਚ ਹੋਣ ਵਾਲੀ ਦੇਰ ਕਾਰਨ ਸਾਨੂੰ ਸੱਭ ਤੋਂ ਵੱਧ ਲੋੜਵੰਦਾਂ ਨੂੰ ਇਹ ਸ਼ੌਟ ਸੱਭ ਤੋਂ ਪਹਿਲਾਂ ਦੇਣ ਲਈ ਆਪਣੇ ਸ਼ਡਿਊਲ ਵਿੱਚ ਥੋੜ੍ਹੀ ਫੇਰਬਦਲ ਕਰਨੀ ਪੈ ਰਹੀ ਹੈ। ਸਰਕਾਰ ਨੇ ਇਹ ਵੀ ਆਖਿਆ ਕਿ ਅਗਲੇ ਹਫਤੇ ਫਾਈਜ਼ਰ-ਬਾਇਓਐਨਟੈਕ ਦੀਆਂ 26,325 ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ।

# ਲੱਦਾਖ ਵਿਵਾਦ ’ਤੇ ਭਾਰਤ-ਚੀਨ ਵਿਚਾਲੇ 9ਵੇਂ ਦੌਰ ਦੀ ਗੱਲਬਾਤ

ਨਵੀਂ ਦਿੱਲੀ, 25 ਜਨਵਰੀ (ਪੋਸਟ ਬਿਊਰੋ)- ਲੱਗਭਗ ਢਾਈ ਮਹੀਨਿਆਂ ਦੇ ਬਾਅਦ ਭਾਰਤ ਅਤੇ ਚੀਨ ਦੀਆਂ ਸੈਨਾਵਾਂ ਵਿਚਾਲੇ ਕੱਲ੍ਹ 9ਵੇਂ ਦੌਰ ਦੀ ਗੱਲਬਾਤ ਦਾ ਉਦੇਸ਼ ਪੂਰਬੀ ਲੱਦਾਖ ਵਿੱਚ ਟਕਰਾਅ ਵਾਲੇ ਸਾਰੇ ਸਥਾਨਾਂ ਤੋਂ ਸੈਨਿਕਾਂ ਨੂੰ ਹਟਾਉਣ ਦੀ ਪ੍ਰਕਿਰਿਆਂ ’ਤੇ ਅੱਗੇ ਵਧਣਾ ਹੈ, ਜਿਸ ਬਾਰੇ ਸਰਕਾਰੀ ਤੌਰ ’ਤੇ ਦੱਸਿਆ ਗਿਆ ਹੈ।



ਜਾਣਕਾਰ ਸੂਤਰਾਂ ਨੇ ਦੱਸਿਆ ਕਿ ਉਚ ਪੱਧਰੀ ਫੌਜੀ ਗੱਲਬਾਤ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ (ਐਲ ਏ ਸੀ) ਉਤੇ ਚੀਨ ਵਾਲੇ ਪਾਸੇ ਮੋਲਦੋ ਸਰਹੱਦੀ ਖੇਤਰ ਵਿੱਚ ਸਵੇਰੇ 10 ਵਜੇ ਸ਼ੁਰੂ ਹੋਈ। ਇਸ ਤੋਂ ਪਹਿਲਾਂ 6 ਨਵੰਬਰ ਨੂੰ ਹੋਈ 8ਵੇਂ ਦੌਰ ਦੀ ਗੱਲਬਾਤ ਵਿੱਚ ਦੋਵਾਂ ਪੱਖਾਂ ਨੇ ਟਕਰਾਅ ਵਾਲੇ ਖਾਸ ਸਥਾਨਾਂ ਤੋਂ ਫੌਜਾ ਨੂੰ ਪਿੱਛੇ ਹਟਣ ’ਤੇ ਚਰਚਾ ਕੀਤੀ ਸੀ। ਕੱਲ੍ਹ ਦੀ ਗੱਲਬਾਤ ਵਿੱਚ ਭਾਰਤੀ ਵਫ਼ਦ ਦੀ ਅਗਵਾਈ ਲੇਹ ਵਿਚਲੀ 14ਵੀਂ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਪੀ ਕੇ ਜੇ ਮੈਨਨ ਨੇ ਕੀਤੀ। ਭਾਰਤ ਨੇ ਲਗਾਤਾਰ ਇਸ ਗੱਲ ’ਤੇ ਜ਼ੋਰ ਦਿੱਤਾ ਹੈ ਕਿ ਟਕਰਾਅ ਵਾਲੇ ਸਥਾਨਾਂ ਤੋਂ ਸੈਨਿਕਾਂ ਨੂੰ ਪਿੱਛੇ ਹਟਾਉਣ ਅਤੇ ਤਣਾਅ ਘੱਟ ਕਰਨ ਲਈ ਚੀਨ ਪਹਿਲ ਕਦਮੀ ਕਰੇ।

ਪਿਛਲੇ ਸਾਲ 12 ਅਕਤੂਬਰ ਨੂੰ ਹੋਈ 7ਵੇਂ ਦੌਰ ਦੀ ਗੱਲਬਾਤ ਵੇਲੇ ਚੀਨ ਨੇ ਭਾਰਤ ਨੂੰ ਪੈਂਗੋਂਗ ਝੀਲ ਦੇ ਦੱਖਣੀ ਖੇਤਰ ਵਿੱਚੋਂ ਸੈਨਿਕ ਵਾਪਸ ਬੁਲਾਉਣ ਲਈ ਜ਼ੋਰ ਪਾਇਆ ਅਤੇ ਭਾਰਤ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਸਾਰੇ ਟਕਰਾਅ ਵਾਲੇ ਸਥਾਨਾਂ ਤੋਂ ਸੈਨਿਕ ਵਾਪਸ ਬੁਲਾਉਣ ਦੀ ਪ੍ਰਕਿਰਿਆ ਬਰਾਬਰ ਸ਼ੁਰੂ ਹੋਣੀ ਚਾਹੀਦੀ ਹੈ। ਇਸ ਤਣਾਅ ਦੌਰਾਨ ਦੋਵਾਂ ਦੇਸ਼ਾਂ ਦੀਆਂ ਲੱਗਭਗ 50-50 ਹਜ਼ਾਰ ਸੈਨਾਵਾਂ ਲੱਦਾਖ ਦੇ ਟਕਰਾਅ ਵਾਲੇ ਸਥਾਨਾਂ ’ਤੇ ਤੈਨਾਤ ਹਨ। ਇਸ ਤੋਂ ਪਹਿਲਾਂ ਪਿਛਲੇ ਮਹੀਨੇ ਦੋਵਾਂ ਦੇਸ਼ਾਂ ਵਿਚਕਾਰ ਵਰਕਿੰਗ ਮੈਕਨਿਜ਼ਮ ਫਾਰ ਕੰਸਲਟੇਸ਼ਨ ਐਂਡ ਕੋਆਰਡੀਨੇਸ਼ਨ ਦੀ ਵੀ ਬੈਠਕ ਹੋਈ ਚੁੱਕੀ ਹੈ ਪਰ ਮਸਲੇ ਦਾ ਹੱਲ ਨਹੀਂ ਨਿਕਲ ਸਕਿਆ।

# ਪੈਟਰੋਲ ਪੰਪ ਬੰਦ ਕੀਤੇ ਜਾਣ ਸਬੰਧੀ ਸ਼ੋਸ਼ਲ ਮੀਡੀਆ ਪੋਸਟ ਕੋਰੀ ਅਫ਼ਵਾਹ




ਚੰਡੀਗੜ੍ਹ, 25 ਜਨਵਰੀ (ਪੋਸਟ ਬਿਊਰੋ): ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਸੈੱਲ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਕਿਸਾਨਾਂ ਦੀ ਟਰੈਕਟਰ ਰੈਲੀ ਨੂੰ ਅਸਫ਼ਲ ਕਰਨ ਲਈ ਸੂਬੇ ਵਿੱਚ ਪੈਟਰੋਲ ਪੰਪ ਬੰਦ ਕੀਤੇ ਜਾਣ ਸਬੰਧੀ ਅਫ਼ਵਾਹ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਪੋਸਟ ਨੂੰ ਫਰਜ਼ੀ ਕਰਾਰ ਦਿੰਦਿਆਂ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਲੋਕ ਸੰਪਰਕ ਅਤੇ ਨਿਊ ਏਜ ਮੀਡੀਆ, ਅਮਰਦੀਪ ਸਿੰਘ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਪੈਟਰੋਲ ਪੰਪਾਂ ਨੂੰ ਬੰਦ ਕੀਤੇ ਜਾਣ ਸਬੰਧੀ ਕੋਈ ਵੀ ਨੋਟਿਸ ਜਾਰੀ ਨਹੀਂ ਕੀਤਾ ਹੈ। ਉਨ੍ਹਾਂ ਨੇ ਅਜਿਹੀਆਂ ਝੂਠੀਆਂ ਖ਼ਬਰਾਂ ਅਤੇ ਅਫਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਵੀ ਦਿੱਤੀ।

ਏ.ਡੀ.ਜੀ.ਪੀ. ਰਾਏ ਨੇ ਦੱਸਿਆ ਕਿ ਇਸ ਅਣਅਧਿਕਾਰਤ ਪੋਸਟ ਨੂੰ ਹਟਾਉਣ ਲਈ ਫੇਸਬੁੱਕ, ਟਵਿੱਟਰ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਨੋਟਿਸ ਭੇਜੇ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ, “ਸਾਈਬਰ ਕ੍ਰਾਈਮ ਸੈੱਲ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਇਸ ਪੋਸਟ ਨੂੰ ਵਾਇਰਲ ਕਰਨ ਵਾਲੇ ਵਿਅਕਤੀਆਂ ਦਾ ਪਤਾ ਲਗਾਉਣ ਲਈ ਕੰਮ ਕਰ ਰਿਹਾ ਹੈ ਅਤੇ ਉਨ੍ਹਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।”

# ਤਾਮਿਲਨਾਡੂ ’ਚ ਚੋਣਾਂ ਨੇੜੇ ਆਉਂਦਿਆਂ ਸਾਰ ਸਟਾਲਿਨ ਨੂੰ ਭਗਵਾਨ ਮੁਰੂਗਾਯਾਦ ਆਏ

ਕੋਇੰਬਟੂਰ, 25 ਜਨਵਰੀ (ਪੋਸਟ ਬਿਊਰੋ)- ਤਾਮਿਲਨਾਡੂ ਵਿੱਚ ਮੁੱਖ ਵਿਰੋਧੀ ਪਾਰਟੀ ਡੀ ਐਮ ਕੇ ਦੇ ਮੁਖੀ ਐਮ ਕੇ ਸਟਾਲਿਨ ਪਿਛਲੇ ਦਿਨੀਂ ਇੱਕ ਤਸਵੀਰ ਵਿੱਚ ਭਗਵਾਨ ਮਰੂਗਾ ਦੇ ਭਾਲੇ ਵਰਗੇ ਹਥਿਆਰ ‘ਵੇਲ’ ਨਾਲ ਨਜ਼ਰ ਆਏ ਸਨ। ਇਸ ਤਸਵੀਰ ਨਾਲ ਤਾਮਿਲਨਾਡੂ ਵਿੱਚ ਸਿਆਸੀ ਵਿਵਾਦ ਛਿੜ ਗਿਆ ਹੈ।

ਇਸ ਰਾਜ ਦੇ ਮੁੱਖ ਮੰਤਰੀ ਕੇ ਪਲਾਨੀ-ਸਵਾਮੀ ਨੇ ਸਟਾਲਿਨ ’ਤੇ ਧੋਖਾ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਕਿਉਂਕਿ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਹਨ, ਇਸ ਲਈ ਵਿਰੋਧੀ ਧਿਰ ਦੇ ਆਗੂ ਸਟਾਲਿਨ ਨੂੰ ਦਿਵਿਆ ਪ੍ਰਤੀਕ ‘ਵੇਲ’ ਨਜ਼ਰ ਆ ਰਿਹਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਇਹ ਕਦੇ ਨਜ਼ਰ ਨਹੀਂ ਆਇਆ ਸੀ। ਸਟਾਲਿਨ ਬਾਹਰੀ ਦੁਨੀਆ ਲਈ ਕੋਈ ਗੱਲ ਕਹਿੰਦੇ ਹਨ, ਪਰ ਆਪਣੇ ਦਿਲੋਂ ਜਾਣਦੇ ਹਨ ਕਿ ਇਹ ਉਨ੍ਹਾਂ ਦੀ ਵਚਨਬੱਧਤਾ ਨਹੀਂ ਹੈ। ਜੇ ਸਟਾਲਿਨ ਸਿਰਫ ਭਗਵਾਨ ਮੁਰੂਗਾ ਦਾ ਵੇਲ ਲੈਂਦੇ ਹਨ ਤਾਂ ਭਗਵਾਨ ਉਨ੍ਹਾਂ ਨੂੰ ਵਰਦਾਨ ਨਹੀਂ ਦੇਣਗੇ। ਇਹ ਵਰਦਾਨ ਸਿਰਫ ਅੰਨਾ ਡੀ ਐਮ ਕੇ ਲਈ ਹੋਵੇਗਾ, ਭਗਵਾਨ ਡੀ ਐਮ ਕੇ ਨੂੰ ਚੋਣਾਂ ਰਾਹੀਂ ਢੁੱਕਵੀਂ ਸਜ਼ਾ ਦੇਣਗੇ।

ਅੰਨਾ ਡੀ ਐਮ ਕੇ ਤੋਂ ਇਲਾਵਾ ਭਾਜਪਾ ਤੇ ਹਿੰਦੂ ਮੁਨਾਨੀ, ਜੋ ਤਾਮਿਲਨਾਡੂ ਵਿੱਚ ਆਰ ਐੱਸ ਐੱਸ ਦਾ ਹੀ ਇੱਕ ਸੰਗਠਨ ਹੈ, ਸਟਾਲਿਨ ਅਤੇ ਡੀ ਐਮ ਕੇ ’ਤੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਲਾਉਂਦਾਰਿਹਾ ਹੈ। ਸਟਾਲਿਨ ਨੇ ਪਿਛਲੇ ਦਿਨੀਂ ਭਾਜਪਾ ਅਤੇ ਹਿੰਦੂ ਮੁਨਾਨੀ ਨੂੰ ਡੀ ਐਮ ਕੇ ਨੂੰ ਹਿੰਦੂ ਵਿਰੋਧੀ ਦੱਸਣ ਲਈ ਲੰਬੇ ਹੱਥੀਂ ਲੈਂਦੇ ਹੋਏ ਕਿਹਾ ਸੀ ਕਿ ਇਹ ਸੱਚਾਈ ਨਹੀਂ ਹੈ। ਕੱਲ੍ਹ ਡੀ ਐਮ ਕੇ ਦੇ ਵਰਕਰਾਂ ਨੇ ਤਿਰੂਵੱਲੂਰ ਜ਼ਿਲ੍ਹੇ ਵਿੱਚ ਪਾਰਟੀ ਦੇ ਇੱਕ ਪ੍ਰੋਗਰਾਮ ਦੌਰਾਨ ਸਟਾਲਿਨ ਨੂੰ ਚਾਂਦੀ ਦਾ ਬਣਿਆ ‘ਵੇਲ’ ਭੇਟ ਕੀਤਾ ਸੀ।

# ਮੋਦੀ ਆਰਥਿਕ ਬਹਾਲੀ ਲਈ ਬਾਇਡਨ ਯੋਜਨਾ ਨੂੰ ਅਪਣਾਵੇ : ਮਨਪ੍ਰੀਤ ਬਾਦਲ

ਚੰਡੀਗੜ੍ਹ/ਬਠਿੰਡਾ, 25 ਜਨਵਰੀ (ਪੋਸਟ ਬਿਊਰੋ): ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਕਰੋਨਾ ਮਹਾਂਮਾਰੀ ਕਾਰਨ ਉਭਰੀ ਆਰਥਿਕ ਮੰਦੀ ਤੋਂ ਬਾਹਰ ਨਿਕਲਣ ਲਈ ਭਾਰਤ ਨੂੰ ਅਮਰੀਕੀ ਰਾਸ਼ਟਰਪਤੀ ਵੱਲੋਂ ਉਲੀਕੀ ਯੋਜਨਾ ਵੱਲ ਧਿਆਨ ਦੇਣਾ ਚਾਹੀਦਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨੂੰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਰਿਕਵਰੀ ਪਲਾਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ, ਜਿਸ ਨੇ ਪਹਿਲਾਂ ਹੀ ਅਮਰੀਕਾ ਦੇ ਖੇਤੀਬਾੜੀ ਵਿਭਾਗ ਨੂੰ ਉਨ੍ਹਾਂ ਦੇ ਖ਼ੁਰਾਕ ਖੇਤਰ ’ਤੇ ਧਿਆਨ ਕੇਂਦਰਿਤ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ।



ਅੱਜ ਬਠਿੰਡਾ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਕੌਮਾਂਤਰੀ ਪੱਧਰ ‘ਤੇ ਸਾਰੇ ਦੇਸ਼ ਕੋਵਿਡ ਸਦਕਾ ਪੈਦਾ ਹੋਏ ਆਰਥਿਕ ਸੰਕਟ ‘ਚੋਂ ਬਾਹਰ ਆਉਣ ਲਈ ਕਿਸਾਨਾਂ ਅਤੇ ਖੇਤੀਬਾੜੀ ਖੇਤਰ ‘ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੇ ਖੇਤੀਬਾੜੀ ਮੰਤਰਾਲੇ ਨੂੰ ਕਿਸਾਨਾਂ ਅਤੇ ਖੇਤੀਬਾੜੀ ਖੇਤਰ ‘ਤੇ ਧਿਆਨ ਕੇਂਦਰਿਤ ਕਰਕੇ ਵਿਸ਼ਵ ਪੱਧਰੀ ਪ੍ਰਵਾਨਿਤ ਰਣਨੀਤੀ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਕੋਵਿਡ ਮਹਾਂਮਾਰੀ ਦੌਰਾਨ ਸੇਵਾ ਅਤੇ ਨਿਰਮਾਣ ਖੇਤਰ ਨੂੰ ਭਾਰੀ ਨੁਕਸਾਨ ਪਹੁੰਚਿਆ ਅਤੇ ਇਹ ਸਿਰਫ਼ ਖੇਤੀਬਾੜੀ ਖੇਤਰ ਹੀ ਸੀ ਜੋ ਦੇਸ਼ ਦੀ ਆਰਥਿਕਤਾ ਨੂੰ ਬਚਾਉਣ ਲਈ ਲਾਹੇਵੰਦ ਸਾਬਿਤ ਹੋਇਆ। ਜਦੋਂ ਫੈਕਟਰੀਆਂ ਬੰਦ ਹੋ ਗਈਆਂ ਅਤੇ ਸੇਵਾ ਖੇਤਰ ਵਿੱਚ ਗਿਰਾਵਟ ਆਈ ਤਾਂ ਕਿਸਾਨਾਂ ਨੇ ਆਪਣਾ ਕੰਮ ਕਰਨਾ ਜਾਰੀ ਰੱਖਿਆ ਅਤੇ ਕਰੋਨਾ ਦੇ ਬਾਵਜੂਦ ਫਸਲਾਂ ਦੀ ਕਾਸ਼ਤ ਜਾਰੀ ਰੱਖੀ।

ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਭਾਰਤੀ ਕਿਸਾਨਾਂ ਖਾਸਕਰ ਪੰਜਾਬ ਦੇ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ, ਜੋ ਉਨ੍ਹਾਂ ਦਾ ਸੁਭਾਅ ਵੀ ਹੈ, ਨੂੰ ਸਲਾਮ ਕਰਨਾ ਬਣਦਾ ਹੈ ਪਰ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਕਿਸਾਨਾਂ ਨੂੰ ਸਨਮਾਨਿਤ ਕਰਨ ਦੀ ਬਜਾਏ ਖੇਤੀ ਖੇਤਰ ਖ਼ਤਮ ਕਰਨ ਦਾ ਫੈਸਲਾ ਲਿਆ ਹੈ।

ਉਨ੍ਹਾਂ ਕਿਹਾ ਕਿ ਜਦੋਂ ਦੁਨੀਆਂ ਖੇਤੀਬਾੜੀ ਵਿਚ ਵਧੇਰੇ ਨਿਵੇਸ਼ ਕਰ ਰਹੀ ਹੈ ਤਾਂ ਭਾਰਤ ਵਿਚ ਕੇਂਦਰ ਸਰਕਾਰ ਕਾਲੇ ਖੇਤੀ ਬਿੱਲ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜੋ ਸਾਡੇ ਖੇਤੀ ਖੇਤਰ ਨੂੰ ਹੋਰ ਸੰਕਟ ਵਿਚ ਪਾ ਦੇਵੇਗੀ। ਐਨਡੀਏ ਸਰਕਾਰ ਦੇ ਕਾਲੇ ਖੇਤੀ ਬਿੱਲ ਨਾ ਸਿਰਫ ਕਿਸਾਨ ਵਿਰੋਧੀ ਹਨ, ਸਗੋਂ ਇਹ ਬੀਜੇਪੀ ਦੇ ਹੰਕਾਰੀ ਰਵੱਈਏ ਨੂੰ ਵੀ ਦਰਸਾਉਂਦੇ ਹਨ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਨੇ ਕਿਸਾਨਾਂ ਨੂੰ ਤਾਰੋਪੀਡ ਕਰਨ ਦੀ ਕੋਸ਼ਿਸ਼ ਵਿਚ ਭਾਜਪਾ ਦੀ ਸਹਾਇਤਾ ਕਰਨ ਵਿਚ ਸ਼ੱਕੀ ਭੂਮਿਕਾ ਅਦਾ ਕੀਤੀ ਅਤੇ ਕਿਸਾਨਾਂ ਦੇ ਅੰਦੋਲਨ ਨੂੰ ਬਦਨਾਮ ਕਰਨ ਦਾ ਘਟੀਆ ਯਤਨ ਕੀਤਾ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਜਦੋਂ ਮੁੱਖ ਮੰਤਰੀਆਂ ਦੀ ਉੱਚ ਸ਼ਕਤੀ ਕਮੇਟੀ ਨੇ ਪਹਿਲਾਂ ਹੀ ਆਪਣੀ ਮੀਟਿੰਗ ਦੀ ਕਾਰਵਾਈ ਜਨਤਕ ਕਰ ਦਿੱਤੀ ਸੀ ਤਾਂ ਆਪ ਅਤੇ ਭਾਜਪਾ ਨੇ ਇਕ ਪ੍ਰੈਸ ਕਾਨਫਰੰਸ ਵਿਚ ਸੱਚਾਈ ਤੋਂ ਅਣਜਾਣ ਬਣਦਿਆਂ ਆਪਣੇ ਝੂਠੇ ਦਾਅਵਿਆਂ ਨੂੰ ਮੁੜ ਦੁਹਰਾਇਆ। ਭਾਜਪਾ ਨੇ ਅਕਾਲੀ ਦਲ ਵਰਗੇ ਆਪਣੇ ਭਾਈਵਾਲਾਂ ਅਤੇ ‘ਆਪ’ ਵਰਗੀਆਂ ਸਹਿਯੋਗੀ ਸੰਸਥਾਵਾਂ ਨਾਲ ਮਿਲ ਕੇ ਸਾਜਿਸ਼ ਰਚੀ ਕਿ ਕਿਸਾਨਾਂ ਵਿੱਚ ਭਰਮ ਪੈਦਾ ਕੀਤਾ ਜਾਵੇ ਅਤੇ ਝੂਠੇ ਮੁੱਦਿਆਂ ਨੂੰ ਉਠਾ ਕੇ ਖੇਤੀ ਕਾਨੂੰਨਾਂ ਦੀ ਅਸਲ ਨੀਅਤ ਬਾਰੇ ਭਰਮਾਇਆ ਜਾਵੇ।

ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਵਿੱਚ ਗਣਤੰਤਰ ਦਿਵਸ ਮਨਾਇਆ ਜਾ ਰਿਹਾ ਹੈ, ਉਸ ਸਮੇਂ ਇਹ ਬਹੁਤ ਦੁਖਦਾਈ ਗੱਲ ਹੈ ਕਿ ਐਨਡੀਏ ਨੇ ਇੱਕ-ਇੱਕ ਕਰਕੇ ਸਾਰੇ ਅਦਾਰਿਆਂ ‘ਤੇ ਨਿਸ਼ਾਨਾ ਸਾਧਿਆ ਹੋਇਆ ਹੈ। ਚੋਣ ਕਮਿਸ਼ਨ, ਨਿਆਂਪਾਲਿਕਾ, ਅਫਸਰਸ਼ਾਹੀ, ਸੀਬੀਆਈ, ਮੀਡੀਆ ਅਤੇ ਹੁਣ ਵਿਧਾਨ ਸਭਾਵਾਂ ਨੂੰ ਵੀ ਕਮਜ਼ੋਰ ਕਰ ਦਿੱਤਾ ਹੈ। ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਖੇਤੀਬਾੜੀ ਕਾਨੂੰਨ ਪਾਸ ਕੀਤੇ ਜਾਣ ਦੀ ਜਲਦੀ ਇਹ ਦਰਸਾਉਂਦੀ ਹੈ ਕਿ ਸਾਡੀਆਂ ਵਿਧਾਨ ਸਭਾਵਾਂ ਕਿੰਨੀਆਂ ਕਮਜ਼ੋਰ ਹੋ ਗਈਆਂ ਹਨ।

ਵਿੱਤ ਮੰਤਰੀ ਨੇ ਖੇਤੀ ਸੰਕਟ ਤੋਂ ਉਭਰਨ ਲਈ ਦੋ ਪਰਤੀ ਹੱਲ ਸੁਝਾਏ ਹਨ। ਪਹਿਲਾ, ਖੇਤੀ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ ਅਤੇ ਦੂਜਾ, ਭਾਰਤੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਵਿਸ਼ਵਵਿਆਪੀ ਤਰਜ਼ ‘ਤੇ ਖੇਤੀਬਾੜੀ ਵਿਚ ਵਿਆਪਕ ਨਿਵੇਸ਼ ਦੀ ਸ਼ੁਰੂਆਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇ ਸਾਡੇ ਮੁੱਢਲੇ ਅਤੇ ਖੇਤੀਬਾੜੀ ਖੇਤਰ ਵਿੱਚ ਵਿਕਾਸ ਨਹੀਂ ਹੁੰਦਾ ਤਾਂ ਨਿਰਮਾਣ ਅਤੇ ਸੇਵਾ ਖੇਤਰ ਦਾ ਵਿਕਾਸ ਵੀ ਸੰਭਵ ਨਹੀਂ ਹੈ।


ਆਰਥਿਕਤਾ ਨੂੰ ਮੁੜ ਲੀਹ ‘ਤੇ ਲਿਆਉਣ ਦੀ (ਰਿਕਵਰੀ ਯੋਜਨਾ) ਅਮਰੀਕਾ ਦੀ ਯੋਜਨਾ ਦਾ ਹਵਾਲਾ ਦਿੰਦਿਆਂ ਪੰਜਾਬ ਦੇ ਵਿੱਤ ਮੰਤਰੀ ਨੇ ਕਿਹਾ ਕਿ ਅਮਰੀਕਾ ਵਿੱਚ ਲਗਭਗ ਤਿੰਨ ਕਰੋੜ ਲੋਕਾਂ ਨੂੰ ਭੁੱਖ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਵਿੱਚ 1 ਕਰੋੜ 20 ਲੱਖ ਬੱਚੇ ਸ਼ਾਮਲ ਹਨ। ਉਨ੍ਹਾਂ ਦੀ ਸਹਾਇਤਾ ਲਈ ਨਵੇਂ ਅਮਰੀਕੀ ਪ੍ਰਸ਼ਾਸਨ ਨੇ ਹੋਰ ਸਾਰੇ ਮੁੱਦਿਆਂ ਨਾਲੋਂ ਖੇਤੀਬਾੜੀ ਅਤੇ ਭੋਜਨ ਨੂੰ ਤਰਜੀਹ ਦਿੱਤੀ ਹੈ। ਪੰਜ-ਨੁਕਾਤੀ ਏਜੰਡੇ ਵਿਚ ਉਨ੍ਹਾਂ ਨੇ ਖੇਤੀਬਾੜੀ ਨੂੰ ਪਹਿਲੀ ਤਰਜੀਹ ਦਿੱਤੀ ਹੈ, ਇਸ ਤੋਂ ਬਾਅਦ ਵਿੱਤੀ ਸਹਾਇਤਾ, ਬਜ਼ੁਰਗ ਅਤੇ ਬੇਰੁਜ਼ਗਾਰ ਹਨ।

ਭਾਰਤ ਵਿੱਚ ਅਮਰੀਕਾ ਦੇ ਮੁਕਾਬਲੇ ਸਥਿਤੀ ਹੋਰ ਵੀ ਖਰਾਬ ਹੈ। ਅਮਰੀਕਾ ਵਿਚ ਦੋ ਕਰੋੜ ਦੇ ਮੁਕਾ-ਬਲੇ ਭਾਰਤ ਵਿਚ 20 ਕਰੋੜ ਲੋਕ ਖੁਰਾਕ ਅਸੁਰੱਖਿਆ ਦਾ ਸਾਹਮਣਾ ਕਰ ਰਹੇ ਹਨ। ਭਾਰਤ ਦੀ ਖੁਰਾਕ ਅਸੁਰੱਖਿਆ ਪ੍ਰਣਾਲੀ ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਅਤੇ ਪਾਕਿ-ਸਤਾਨ ਤੋਂ ਵੀ ਹੇਠਾਂ ਦਰਜ ਕੀਤੀ ਗਈ ਹੈ ਅਤੇ ਕਰੋਨਾ ਮਹਾਂਮਾਰੀ ਦੌਰਾਨ ਇਸ ਵਿੱਚ ਹੋਰ ਨਿਘਾਰ ਆਇਆ ਹੈ। ਮਨਪ੍ਰੀਤ ਬਾਦਲ ਨੇ ਕਿਹਾ ਕਿ ਅਜਿਹੀ ਸਥਿਤੀ ਵਿੱਚ ਇਹ ਲਾਜ਼ਮੀ ਹੈ ਕਿ ਭਾਰਤ ਸਰਕਾਰ ਕਿਸਾਨੀ ਦੀ ਰੋਜ਼ੀ-ਰੋਟੀ ’ਤੇ ਹਮਲਾ ਕਰਨ ਦੀ ਬਜਾਏ ਉਨ੍ਹਾਂ ਨੂੰ ਸਹਾਇਤਾ ਪ੍ਰਦਾਨ ਕਰੇ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ’ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਵ੍ਹਾਈਟ ਹਾਊਸ ਵਿੱਚੋਂ ਬੇਆਬਰੂ ਹੋ ਕੇ ਨਿਕਲੇ ਟਰੰਪ

–ਦਰਬਾਰਾ ਸਿੰਘ ਕਾਹਲੋਂ–

ਅਮਰੀਕਾ ਪੂਰੇ ਵਿਸ਼ਵ ਅੰਦਰ ਆਪਣੇ ਲੋਕਤੰਤਰ ਨੂੰ ਸ੍ਰੇਸ਼ਠ, ਉੱਚ ਮੁੱਲਾਂ, ਸੰਵਿਧਾਨਕ ਸੰਸਥਾਵਾਂ ਦੇ ਸੰਤੁਲਨ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਨਿਵੇਕਲਾ ਲੋਕਤੰਤਰ ਪ੍ਰਚਾਰਦਾ ਰਿਹਾ ਹੈ। ਵਿਸ਼ਵ ਮਹਾਸ਼ਕਤੀ ਵਜੋਂ ਸਰਦਾਰੀ ਦਾ ਸਿਹਰਾ ਇਸ ਲੋਕਤੰਤਰ ਸਿਰ ਬੱਝਦਾ ਹੈ, ਪਰ ਅਸਲ ਵਿੱਚ ਅਜਿਹਾ ਕੁਝ ਨਹੀਂ ਹੈ। ਜੋ ਉਹ ਪ੍ਰਚਾਰਦਾ ਹੈ, ਉਸ 'ਤੇ ਅਮਲ ਕਿਧਰੇ ਨਹੀਂ ਕਰਦਾ। ਸਮੇਂ-ਸਮੇਂ ਡੋਨਾਲਡ ਟਰੰਪ ਵਰਗੇ ਚੁਣੇ ਜਾਂਦੇ ਰਾਸ਼ਟਰਪਤੀਆਂ ਨੇ ਇਸ ਦੇ ਲੋਕਤੰਤਰ, ਸੰਵਿਧਾਨਕ ਸੰਸਥਾਵਾਂ, ਕੌਮੀ ਏਕਤਾ, ਮਨੁੱਖੀ ਕਿਰਦਾਰਾਂ, ਵਿਦੇਸ਼ੀ ਸੰਬੰਧਾਂ, ਪ੍ਰਸ਼ਾਸਨਿਕ ਅਦਾਰਿਆਂ ਨੂੰ ਇੰਨਾ ਕੁ ਵੱਡਾ ਨੁਕਸਾਨ ਪਹੁੰਚਾਇਆ ਹੈ, ਜਿਸ ਦੀ ਪੂਰਤੀ ਲਈ ਦਹਾਕੇ ਲੱਗਦੇ ਰਹੇ।

ਆਪਣੇ ਚਾਰ ਸਾਲਾ ਰਾਜ ਦੇ ਦੌਰਾਨ ਡੋਨਾਲਡ ਟਰੰਪ ਨੇ ਅਮਰੀਕੀ ਲੋਕਤੰਤਰ, ਕੌਮ, ਭਾਈਚਾਰੇ, ਸੰਵਿਧਾਨਕ ਸੰਸਥਾਵਾਂ, ਵਿਦੇਸ਼ ਨੀਤੀ, ਸਿਹਤ ਨੀਤੀ ਨੂੰ ਜਿੰਨਾ ਨੁਕਸਾਨ ਪੁਚਾਇਆ ਹੈ, ਓਨਾ ਉਸ ਤੋਂ ਪਹਿਲਾਂ ਹੋਏ ਰਾਸ਼ਟਰਪਤੀਆਂ ਨੇ ਕਦੇ ਨਹੀਂ ਪੁਚਾਇਆ। ਅਮਰੀਕੀ ਰਾਸ਼ਟਰਪਤੀ ਦਾ ਅਹੁਦਾ, ਜੋ ਸਮੁੱਚੇ ਵਿਸ਼ਵ ਦੇ ਸਭ ਲੋਕਤੰਤਰੀ ਅਹੁਦਿਆਂ ਤੋਂ ਤਾਕਤਵਰ, ਸ਼ਾਨਾਂ-ਮੱਤਾ, ਪ੍ਰਭਾਵਸ਼ਾਲੀ, ਗੌਰਵਸ਼ਾਲੀ ਤੇ ਪ੍ਰਬੁੱਧਤਾ ਭਰੀ ਸ਼ਾਲੀਨਤਾ ਦਾ ਮੁਜੱਸਮਾ ਮੰਨਿਆ ਜਾਂਦਾ ਹੈ, ਨੂੰ ਟਰੰਪ ਦੀਆਂ ਕਾਲੀਆਂ, ਨੀਮ-ਪਾਗਲਾਨਾ, ਤੋੜ-ਫੋੜ ਅਤੇ ਦਹਿਸ਼ਤਵਾਦੀ ਹਿੰਸਕ ਕਰਤੂਤਾਂ, ਅਨੇਕ ਤਾਕਤਵਰ ਰਾਸ਼ਟਰਾਂ ਦੇ ਮੁਖੀਆਂ ਜਾਂ ਪ੍ਰਧਾਨ ਮੰਤਰੀਆਂ ਦੀਆਂ ਭਰੀ ਮਹਿਫਲਾਂ ਵਿੱਚ ਲਾਹ-ਪਾਹ ਭਰੀਆਂ ਆਦਤਾਂ ਨੇ ਮਿੱਟੀ ਵਿੱਚ ਰੋਲ ਕੇ ਰੱਖ ਦਿੱਤਾ ਹੈ। ਟਰੰਪ ਨੇ ਆਪਣੇ ਅੱਖੜ ਸੁਭਾਅ ਕਾਰਨ ਜਿੱਥੇ ਕਈ ਮੁਲਕਾਂ ਦੇ ਮੁਖੀਆਂ ਨੂੰ ਵਖਤ ਪਾਈ ਰੱਖਿਆ, ਓਥੇ ਵਾਰ-ਵਾਰ ਝੂਠ ਬੋਲਣ ਦੀ ਆਦਤ ਕਾਰਨ ਆਪਣੀ ਜਗ ਹਸਾਈ ਵੀ ਕਰਾਈ। ਉਤਰੀ ਕੋਰੀਆ ਦੇ ਤਾਨਾਸ਼ਾਹ ਕਿਮ-ਜੋਂਗ-ਉਨ ਨਾਲ ਹੋਸ਼ੀ ਬਿਆਨਬਾਜ਼ੀ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਖਹਿਬੜਨ ਦੀ ਘਟਨਾ ਟਰੰਪ ਦੇ ਸਨਕੀ ਹੋਣ ਦੀ ਦਾਸਤਾਨ ਬਿਆਨ ਕਰਦੀ ਹੈ। ਉਹ ਈਰਾਨ ਦੇ ਰਾਸ਼ਟਰਪਤੀ ਨਾਲ ਵੀ ਜ਼ੁਬਾਨੀ ਜੰਗ ਵਿੱਚ ਫਸਿਆ ਰਿਹਾ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨਾਲ ਉਸ ਦੀ ਭਾਵੇਂ ਨੇੜਤਾ ਸੀ, ਪਰ ਉਹ ਵੇਲੇ-ਕੁਵੇਲੇ ਅਜਿਹੇ ਬਿਆਨ ਦਿੰਦਾ ਰਿਹਾ, ਜੋ ਭਾਰਤੀ ਲੀਡਰਸ਼ਿਪ ਨੂੰ ਪ੍ਰੇਸ਼ਾਨ ਕਰਦੇ ਰਹੇ। ਇਸੇ ਲਈ ਅਮਰੀਕੀ ਰਾਸ਼ਟਰਪਤੀਆਂ ਦੇ ਇਤਿਹਾਸਕ ਸਥਾਨ ਬਾਰੇ ਤਿਆਰ ਕੀਤੀ ਜਾਣ ਵਾਲੀ ਸੂਚੀ ਵਿੱਚ ਟਰੰਪ ਅੱਜ ਤੱਕ ਦੇ 45 ਰਾਸ਼ਟਰਪਤੀਆਂ 'ਚੋਂ ਸਭ ਤੋਂ ਨਿਕੰਮੇ ਹੋਣ ਕਾਰਨ ਸਭ ਤੋਂ ਸ਼ਰਮਨਾਕ ਹੇਠਲੇ ਸਥਾਨ 'ਤੇ ਦਰਜ ਹੋਣਗੇ। ਸ਼ੁਰੂ ਵਿੱਚ ਉਹ ਆਪਣੇ ਅੰਦਰੂਨੀ ਸਰਕਲ ਵਿੱਚ ਫੜ੍ਹਾਂ ਮਾਰਦਾ ਹੋਇਆ ਆਪਣੇ ਆਪ ਨੂੰ ਮਹਾਨ ਇਬਰਾਹਮ ਲਿੰਕਨ ਦੇ ਬਰਾਬਰ ਹੋਣ ਦਾ ਦਾਅਵਾ ਕਰਦਾ ਰਿਹਾ। ਉਹ ਆਪਣੀ ਤੁਲਨਾ ਜਾਰਜ ਵਾਸ਼ਿੰਗਟਨ ਤੇ ਥਾਮਸ ਜੈਫਰਸਨ ਵਰਗੇ ਰਾਸ਼ਟਰਪਤੀਆਂ ਨਾਲ ਵੀ ਕਰਦਾ ਰਿਹਾ। ਸਵਾਲ ਇਹ ਸੀ ਕਿ ਉਨ੍ਹਾਂ ਵਰਗੇ ਗੁਣ, ਸੁੱਘੜਤਾ, ਦੂਰ ਦ੍ਰਿਸ਼ਟੀ, ਸੁਭਾਅ ਅਤੇ ਵਰਤਾਰਾ ਕਿੱਥੋਂ ਪੈਦਾ ਕਰਦਾ?

ਅਮਰੀਕੀ ਇਤਿਹਾਸ ਵਿੱਚ ਰਾਸ਼ਟਰਪਤੀਆਂ ਦੀ ਕਾਰਜਸ਼ੈਲੀ ਦੀ ਨਿਪੁੰਨਤਾ ਮੁਤਾਬਕ ਉਨ੍ਹਾਂ ਨੂੰ ਸੂਚੀਬੱਧ ਕਰਨ ਦਾ ਕੰਮ ਆਰਥਰ ਸ਼ਲੇਸਿੰਗਰ ਨੇ ਸੰਨ 1948 ਵਿੱਚ ਪਹਿਲੀ ਵਾਰ ਲਾਈਫ ਮੈਗਜ਼ੀਨ ਦੀ ਬੇਨਤੀ 'ਤੇ ਕੀਤਾ ਸੀ। ਉਸ ਨੇ 55 ਨਾਮਵਰ ਇਤਿਹਾਸਕਾਰਾਂ ਨੂੰ ਇੱਕ ਪੋਲ ਰਾਹੀਂ ਅਜਿਹੀ ਦਰਜਾ ਸੂਚੀ ਬਣਾਉਣ ਲਈ ਸ਼ਾਮਲ ਕੀਤਾ ਸੀ। ਸਿਵਲ ਵਾਰ ਦੇ ਸਮੇਂ ਵਿੱਚ ਅਮਰੀਕਾ ਨੂੰ ਇਕਜੁੱਟ ਰੱਖਣ ਵਿੱਚ ਸਫਲਤਾ ਵਾਸਤੇ ਇਬਰਾਹਮ ਲਿੰਕਨ ਨੂੰ ਨੰਬਰ ਇੱਕ,




ਦੇਸ਼ ਦੇ ਪਹਿਲੇ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਦੇ ਆਜ਼ਾਦੀ ਪ੍ਰਾਪਤੀ, ਲੋਕਤੰਤਰ ਦੀ ਸਥਾਪਤੀ ਦੇ ਰੋਲ ਕਰ ਕੇ ਨੰਬਰ ਦੋ, ਆਰਥਿਕ ਮੰਦਹਾਲੀ ਨਜਿੱਠਣ ਅਤੇ ਦੂਸਰੀ ਵੱਡੀ ਜੰਗ ਵਿੱਚ 'ਨਿਊ ਡੀਲ' ਨੀਤੀ ਕਾਰਨ ਫਰੈਂਕਲਿਨ ਡੀ ਰੂਜ਼ਵੈਲਟ ਨੂੰ ਨੰਬਰ ਤਿੰਨ ਦਰਜ ਕੀਤਾ। ਆਖਰੀ ਥਾਂ ਵਾਰੇਨ ਹਾਰਡਿੰਗ ਸੀ, ਜੋ 1921 ਤੋਂ 1923 ਨੂੰ ਆਪਣੀ ਮੌਤ ਤੱਕ ਰਾਸ਼ਟਰਪਤੀ ਰਿਹਾ, ਪਰ ਕਈ ਸਕੈਂਡਲਾਂ ਕਾਰਨ ਬਦਨਾਮੀ ਖੱਟ ਚੁੱਕਾ ਸੀ। ਉਸ ਦੇ ਇੱਕ ਮੰਤਰੀ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ।

ਅੱਜਕੱਲ੍ਹ ਕਈ ਸੰਸਥਾਵਾਂ ਰਾਸ਼ਟਰਪਤੀ ਦੀ ਦਰਜਾਬੰਦੀ ਕਰਾਉਂਦੀਆਂ ਹਨ। ਇਨ੍ਹਾਂ ਵਿੱਚ 'ਸ਼ਿਕਾਗੋ ਟ੍ਰਿਬਿਊਨ', 'ਸ਼ਿਕਾਗੋ ਸਨ-ਟਾਈਮਜ਼', 'ਵਾਲਸਟਰੀਟ ਜਰਨਲ', 'ਪੋਲੀਟੀਕਲ ਸਾਇੰਸ ਐਸੋਸੀਏਸ਼ਨ', 'ਵਿਕੀਪੀਡੀਆ', 'ਸੇਇਨਾ ਕਾਲਜ ਖੋਜ ਸੰਸਥਾ, ਨਿਊ ਯਾਰਕ' ਆਦਿ ਸ਼ਾਮਲ ਹਨ। ਸੇਇਨਾ ਕਾਲਜ ਖੋਜ ਸੰਸਥਾ ਸੰਨ 1982 ਤੋਂ ਇਸ ਕੰਮ ਲੱਗੀ ਹੋਈ ਹੈ ਅਤੇ 20 ਗੱਲਾਂ ਜਿਵੇਂ ਇਮਾਨਦਾਰੀ, ਪ੍ਰਬੁੱਧਤਾ, ਜੋਖਮ ਉਠਾਉਣ ਦੀ ਹਿੰਮਤ, ਆਰਥਿਕ ਪ੍ਰਬੰਧ, ਵਿਦੇਸ਼ ਨੀਤੀ, ਪ੍ਰਾਪਤੀਆਂ, ਅਮਰੀਕੀ ਕਾਂਗਰਸ ਨਾਲ ਸੰਬੰਧ ਆਦਿ ਨੂੰ ਆਧਾਰ ਬਣਾਉਂਦੀ ਹੈ। ਪਹਿਲੇ ਵਧੀਆ ਪੰਜ ਰਾਸ਼ਟਰਪਤੀਆਂ ਵਿੱਚ ਜਾਰਜ ਵਾਸ਼ਿੰਗਟਨ, ਥਾਮਸ ਜੈਫਰਸਨ, ਇਬਰਾਹਮ ਲਿੰਕਨ, ਥਿਊਡਰ ਰੂਜ਼ਵੈਲਟ, ਚਾਰ ਵਾਰ ਰਾਸ਼ਟਰਪਤੀ ਰਹੇ ਫ੍ਰੈਂਕਲਿਨ ਡੀ ਰੂਜ਼ਵੈਲਟ ਅਤੇ ਪੰਜ ਨਿਕੰਮਿਆਂ ਵਿੱਚ ਫਰੈਂਕਲਿਨ ਪੀਅਰਸ, ਮਿਲਾਰਡ ਫਿਲਮੋਰ, ਜੇਮਜ਼ ਬੁਕਾਨਿਨ, ਐਂਡਰਿਊ ਜਾਹਨਸਨ ਅਤੇ ਵਾਰੇਨ ਹਾਰਡਿੰਗ ਦਰਜ ਹੁੰਦੇ ਹਨ। ਅਮਰੀਕਨ ਪੋਲੀਟੀਕਲ ਸਾਇੰਸ ਐਸੋਸੀਏਸ਼ਨ ਦੇ ਸਾਲ 2015 ਦੇ ਸਰਵੇ ਵਿੱਚ ਦੇਸ਼ ਨੂੰ ਇਕਜੁੱਟ ਰੱਖਣ ਵਾਲਾ ਇਬਰਾਹਮ ਲਿੰਕਨ ਨੰਬਰ ਇੱਕ ਤੇ ਦੱਖਣੀ ਅਮਰੀਕਾ ਨੂੰ ਵੱਖਰੇ ਹੋਣ ਦੀ ਸ਼ਹਿ ਦੇਣ ਵਾਲਾ ਜੇਮਜ਼ ਬੁਕਾਨਨ ਸਭ ਤੋਂ ਹੇਠਲੇ ਦਰਜੇ 'ਤੇ ਦਰਜ ਕੀਤਾ ਗਿਆ ਸੀ।

ਸੰਨ 2020 ਵਿੱਚ ਚੋਣਾਂ ਸੰਬੰਧੀ ਡਿਬੇਟ ਵਿੱਚ ਨਵੇਂ 46ਵੇਂ ਰਾਸ਼ਟਰਪਤੀ ਜੋਅ ਬਾਇਡਨ ਨੇ ਟਰੰਪ ਦੇ ਮੂੰਹ 'ਤੇ ਕਿਹਾ ਸੀ, ''ਤੁਸੀਂ ਇਤਿਹਾਸ ਦੇ ਸਭ ਤੋਂ ਨਿਕੰਮੇ ਰਾਸ਼ਟਰਪਤੀ ਸਾਬਤ ਹੋਵੋਗੇ।'' ਸੰਨ 2018 ਵਿੱਚ ਸਿਆਸੀ ਪੰਡਤਾਂ ਵੱਲੋਂ ਤਿਆਰ ਸੂਚੀ ਵਿੱਚ ਟਰੰਪ ਦਾ ਨਾਂਅ ਸਭ ਤੋਂ ਥੱਲੇ ਸੀ। ਬਰਾਂਡਨ ਰੋਟਿੰਗਹਸ ਦਾ ਕਹਿਣਾ ਹੈ ਕਿ ਮੈਂ ਨਹੀਂ ਸਮਝਦਾ ਕਿ ਟਰੰਪ ਸਾਡੇ ਸਰਵੇ ਵਿੱਚ ਸਭ ਤੋਂ ਹੇਠਾਂ ਤੋਂ ਉਪਰ ਆ ਸਕੇ। ਦਰਅਸਲ, ਡੋਨਾਲਡ ਟਰੰਪ ਦੀ ਕਾਰਗੁਜ਼ਾਰੀ ਬਹੁਤ ਹੀ ਨਿਕੰਮੀ, ਨਿੰਦਣਯੋਗ ਅਤੇ ਸ਼ਰਮਨਾਕ ਸੀ। ਫਰਵਰੀ 2017 ਵਿੱਚ ਉਸ ਨੇ ਮੀਡੀਆ ਨੂੰ, ਜੋ ਲੋਕਤੰਤਰ ਦਾ ਚੌਥਾ ਸਤੰਭ ਮੰਨਿਆ ਜਾਂਦਾ ਹੈ, ਅਮਰੀਕੀ ਲੋਕਾਂ ਦਾ ਦੁਸ਼ਮਣ ਕਿਹਾ ਸੀ। ਇਹੀ ਸਟਾਲਿਨ ਅਤੇ ਮਾਓ ਜ਼ੇ ਤੁੰਗ ਨੇ ਕਿਹਾ ਸੀ। ਟਰੰਪ ਪਹਿਲਾ ਐਸਾ ਰਾਸ਼ਟਰਪਤੀ ਹੈ, ਜਿਸ 'ਤੇ ਚਾਰ ਸਾਲ ਦੇ ਕਾਰਜਕਾਲ ਵਿੱਚ ਦੋ ਵਾਰ ਮਹਾਦੋਸ਼ ਅਧੀਨ ਕੇਸ ਚਲਾਉਣ ਦੇ ਮਤੇ ਕਾਂਗਰਸ ਦੇ ਹੇਠਲੇ ਸਦਨ ਵੱਲੋਂ ਪਾਸ ਕੀਤੇ ਗਏ। ਪਹਿਲਾ 18 ਦਸੰਬਰ 2019 ਨੂੰ ਯੂਕਰੇਨ ਦੇ ਰਾਸ਼ਟਰਪਤੀ 'ਤੇ ਟੈਲੀਫੋਨ ਰਾਹੀਂ ਜੋਅ ਬਾਇਡਨ ਪਰਵਾਰ ਵਿਰੁੱਧ ਵਪਾਰਕ ਭ੍ਰਿਸ਼ਟਾਚਾਰ ਬਾਰੇ ਦੋਸ਼ਾਂ ਲਈ ਦਬਾਅ ਪਾਉਣ, ਦੂਸਰਾ 13 ਜਨਵਰੀ 2021 ਨੂੰ ਰਿਟਾਇਰ ਹੋਣ ਤੋਂ ਮਸਾਂ ਸੱਤ ਦਿਨ ਪਹਿਲਾਂ ਉਸ ਦੀ ਸਮਰਥਕ ਹਿੰਸਕ ਭੀੜ ਨੂੰ ਪਾਰਲੀਮੈਂਟ 'ਤੇ ਹਮਲਾ ਕਰ ਕੇ ਉਸ ਦੀ ਹਾਰ ਨੂੰ ਜਿੱਤ ਵਿੱਚ ਬਦਲਣ ਲਈ। ਉਸ ਤੋਂ ਪਹਿਲਾਂ ਦੋ ਰਾਸ਼ਟਰਪਤੀਆਂ ਸੰਨ 1868 ਵਿੱਚ ਐਂਡਰਿਊ ਜਾਹਨਸਨ ਅਤੇ 1998 ਵਿੱਚ ਬਿੱਲ ਕਲਿੰਟਨ 'ਤੇ ਮਹਾਦੋਸ਼ ਲੱਗੇ ਸਨ ਜਿਨ੍ਹਾਂ ਨੂੰ ਸੈਨੇਟ ਨੇ ਬਰੀ ਕਰ ਦਿੱਤਾ ਸੀ। ਸੰਨ 1974 ਵਿੱਚ ਵਾਟਰਗੇਟ ਸਕੈਂਡਲ ਵਿੱਚ ਫਸੇ ਰਾਸ਼ਟਰਪਤੀ ਨਿਕਸਨ ਵਿਰੁੱਧ ਮਹਾਦੋਸ਼ ਦੀ ਤਿਆਰੀ ਸੀ, ਪਰ ਉਹ ਅਸਤੀਫਾ ਦੇ ਗਿਆ ਸੀ।

ਰਾਸ਼ਟਰਪਤੀ ਦੀ ਮਹਾਨਤਾ ਔਕੜ ਵੇਲੇ ਪਛਾਣੀ ਜਾਂਦੀ ਹੈ। ਡੋਨਾਲਡ ਟਰੰਪ ਕੋਵਿਡ 19 ਮਹਾਮਾਰੀ ਤੋਂ ਦੇਸ਼ ਨੂੰ ਬਚਾਉਣ ਵਿੱਚ ਬੁਰੀ ਤਰ੍ਹਾਂ ਅਸਫਲ ਰਿਹਾ। ਉਸ ਦੀ ਨਾਕਾਮੀ ਕਾਰਨ ਚਾਰ ਲੱਖ ਦੇ ਕਰੀਬ ਲੋਕ ਮਾਰੇ ਗਏ। ਫਿਰ ਵੀ ਇਹ ਬਿਮਾਰੀ ਬੇਕਾਬੂ ਹੈ। ਉਸ ਨੇ ਦੇਸ਼ ਨੂੰ ਨਸਲਵਾਦੀ ਲੀਹਾਂ 'ਤੇ ਘਾਤਕ ਢੰਗ ਨਾਲ ਵੰਡਿਆ।

ਟਰੰਪ ਨੇ ਗੋਰਾ ਪ੍ਰਭੂਸੱਤਾਵਾਦ ਬੇਸ਼ਰਮੀ ਨਾਲ ਬੁਲੰਦ ਕੀਤਾ। ਰਾਸ਼ਟਰਪਤੀ ਚੋਣ ਹਾਰਨ ਕਾਰਨ ਉਹ ਦਿਮਾਗੀ ਤਵਾਜ਼ਨ ਗੁਆ ਬੈਠਾ। ਫਲੋਰੀਡਾ ਰਾਜ ਦੇ ਹੋਮ ਸੈਕਟਰੀ ਨੂੰ ਫੋਨ 'ਤੇ 11780 ਵੋਟਾਂ ਲੱਭਣ ਲਈ ਧਮਕੀਆਂ ਦਿੱਤੀਆਂ। ਜਦੋਂ ਉੱਪ ਰਾਸ਼ਟਰਪਤੀ ਮਾਈਕ ਪੈਂਸ ਨੇ ਉਸ ਦੀ ਹਾਰ ਪਾਰਲੀਮੈਂਟ ਦੇ ਸਾਂਝੇ ਸਦਨ ਵਿੱਚ ਜਿੱਤ ਵਿੱਚ ਬਦਲਣ ਤੋਂ ਨਾਂਹ ਕੀਤੀ ਤਾਂ ਭੀੜ ਨੂੰ ਉਸ ਨੂੰ ਫਾਂਸੀ ਚੜ੍ਹਾਉਣ ਲਈ ਉਕਸਾਇਆ। ਸੱਠ ਅਦਾਲਤਾਂ ਅਤੇ ਸੁਪਰੀਮ ਕੋਰਟ ਵਿੱਚ ਚੋਣ ਚੁਣੌਤੀਆਂ ਰੱਦ ਹੋਣ 'ਤੇ ਸਮਰਥਕਾਂ ਦੀ ਹਿੰਸਕ ਭੀੜ ਨੂੰ ਪਾਰਲੀਮੈਂਟ 'ਤੇ ਹਮਲੇ ਲਈ ਉਕਸਾਉਣ ਦਾ ਗੁਨਾਹ ਕੀਤਾ, ਜੋ ਲੋਕਤੰਤਰ ਦਾ ਕਤਲ ਕਰਨ ਬਰਾਬਰ ਹੈ। ਟਰੰਪ ਨੇ ਆਪਣੇ ਰਾਜ ਵੇਲੇ ਰਵਾਇਤੀ ਮਿੱਤਰ ਗੁਆਂਢੀਆਂ ਕੈਨੇਡਾ, ਮੈਕਸੀਕੋ ਨਾਲ ਸੰਬੰਧ ਵਿਗਾੜੇ। ਨਾਟੋ ਸੰਗਠਨ ਕਮਜ਼ੋਰ ਕੀਤਾ। ਉਸ ਨੇ ਇਹ ਬੱਜਰ ਗਲਤੀਆਂ ਕਰ ਕੇ ਅਮਰੀਕੀ ਰਾਸ਼ਟਰ ਅਤੇ ਲੋਕਤੰਤਰ ਨੂੰ ਇੰਨਾ ਵੱਡਾ ਨੁਕਸਾਨ ਪਹੁੰਚਾਇਆ ਹੈ ਕਿ ਜਿਸ ਦੀ ਪੂਰਤੀ ਲਈ ਲੰਬਾ ਸਮਾਂ ਲੱਗ ਜਾਵੇਗਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.















# ਕਾਰਪੋਰੇਟੀ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਇਸਤਰੀਆਂ ਦੀ ਸ਼ਮੂਲੀਅਤ



-ਰਾਜਿੰਦਰ ਕੌਰ ਚੋਹਕਾ-

ਦਿੱਲੀ ਦੇ ਕਠੋਰ ਦਿਲ ਅਤੇ ਅਨਿਆਏ ਨੂੰ ਪਾਲਣ ਵਾਲੇ ਹਾਕਮਾਂ ਦੇ ਕਹਿਰ ਦਾ ਕਰੋਪ ਝੇਲ ਰਹੇ ਕਿਸਾਨ 20 ਨਵੰਬਰ, 2020 ਤੋਂ ਹੱਡ ਚੀਰਵੀਂ ਠੰਡ ਬਿਨਾਂ ਕਿਸੇ ਕੁਦਰਤੀ ਓਟ, ਪੁਰ-ਅਮਨ ਸਮੇਤ ਸੈਂਕੜੇ ਇਸਤਰੀਆਂ, ਬੱਚਿਆਂ ਅਤੇ ਬਜ਼ੁਰਗਾਂ ਨਾਲ ਦਿੱਲੀ ਦੇ ਚੁਫੇਰੇ ਡੇਰੇ ਲਾ ਕੇ ਧਰਨਿਆਂ ਤੇ ਬੈਠੇ ਹੋਏ ਹਨ। ਸਾਰੇ ਦੇਸ਼ ਅੰਦਰ ਸਮੁੱਚੀ ਕਿਸਾਨੀ ਅਤੇ ਇਨਸਾਫ਼ ਤੇ ਜਮਹੂਰੀਅਤ ਪਸੰਦ ਲੋਕ ਕਿਸਾਨਾਂ ਦੀਆਂ ਮੰਗਾਂ ਦੀ ਹਮਾਇਤ 'ਚ ਗੁਹਾਰਾਂ ਲਾ ਰਹੇ ਹਨ ! ਆਜਾਦੀ ਤੋਂ ਬਾਅਦ ਇਸ ਵੇਲੇ ਖੇਤੀ ਕਨੂੰਨਾਂ ਅੰਦਰ ਕਿਸਾਨ ਵਿਰੋਧੀ ਹਾਕਮਾਂ ਦੀ ਧੱਕੇਸ਼ਾਹੀ ਰਾਹੀਂ ਪਾਸ ਕੀਤੇ ਤਿੰਨ ਕਾਲੇ ਕਨੂੰਨਾਂ ਦੇ ਵਿਰੋਧ ਵਿੱਚ ਉਪਜਿਆ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਇਹ ਮਾਨਸ ਕਿਸਾਨੀ ਰੋਹ ਅਤੇ ਹਾਹਾਕਾਰ ਦੇ ਬਾਵਜੂਦ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ ਹੈ। ਹਾਕਮਾਂ ਦੀਆਂ ਫੁੱਟ ਪਾਊ ਚਾਲਾਂ, ਮੋਦੀ ਤੇ ਹਾਕਮੀ ਮੀਡੀਆ ਦੀਆਂ ਕੁਚਾਲਾਂ, ਹਰ ਪੈਂਤੜੇ ਨੂੰ ਅਸਫਲ ਹੁੰਦਿਆ ਦੇਖ ਕੇ ਨਿਮੋਸ਼ੀ ਦੀ ਸ਼ਿਕਾਰ ਹੋਈ ਸਰਕਾਰ ਹੁਣ ਸੁਪਰੀਮ ਕੋਰਟ ਨੂੰ ਵਰਤ ਕੇ ਖੁੱਦ ਭੰਬਲ ਭੂਸੇ ਪਈ ਹੋਈ ਮੋਦੀ ਸਰਕਾਰ, 'ਚੱਪਣੀ 'ਚ ਪਾਣੀ ਪਾ ਕੇ ਨੱਕ ਡੋਬ ਕੇ ਮਰਨ ਵਾਲੀ ਦਸ਼ਾ 'ਚ ਦਿਸ ਰਹੀ ਹੈ।' ਕੁਲ ਹਿੰਦ ਦਾ ਇਹ ਕਿਸਾਨੀ ਸਮਾਜਕ ਅੰਦੋਲਨ ਆਪਣੀ ਚਾਲ, ਨੈਤਿਕਤਾ ਅਤੇ ਬੌਧਿਕ ਸੱਭਿਆਚਾਰ ਦੇ ਬਲ-ਬੂਤੇ ਸ਼ਾਂਤਮਈ ਤੇ ਜਮਹੂਰੀ ਢੰਗ ਨਾਲ ਹਾਕਮਾਂ ਦੇ ਤਾਨਾਸ਼ਾਹੀ ਕਾਰਪੋਰੇਟੀ ਪੱਖੀ ਚਾਲਾਂ ਦਾ ਟਾਕਰਾ ਕਰਨ ਲਈ ਅੱਗੇ ਵੱਧ ਰਿਹਾ ਹੈ। ਇਸ ਦੀ ਸਫ਼ਲਤਾ ਦਾ ਰਾਜ ਕਿਰਤੀ ਜਮਾਤ ਅਤੇ ਵੱਡੀ ਗਿਣਤੀ ਵਿੱਚ ਇਸਤਰੀ-ਵਰਗ ਦੀ ਸ਼ਮੂਲੀਅਤ ਤੇ ਸਾਂਝਾ ਮੋਰਚਾ ਹੋਣਾ?

ਭਾਰਤ ਦੀ ਆਜਾਦੀ ਤੋਂ ਪਹਿਲਾਂ ਵੀ ਆਜਾਦੀ ਦੇ ਮੁਕਤੀ ਅੰਦੋਲਨ ਅੰਦਰ ਦੇਸ਼ ਵਾਸੀਆਂ ਨੂੰ ਸਾਮਰਾਜੀ ਬਸਤੀਵਾਦੀ ਗੋਰਿਆਂ ਹੱਥੋਂ ਅਕਿਹ ਜ਼ੁਲਮਾਂ, ਅੱਤਿਆਚਾਰਾਂ ਦਾ ਜ਼ਲੀਲ ਹੋਣਾ ਪਿਆ ਸੀ। ਸਗੋਂ ਉਨ੍ਹਾਂ ਨਾਲ ਹਿੱਸਾ ਲੈਣ ਲਈ ਇਸਤਰੀ -ਵਰਗ ਦੇ ਇਕ ਵੱਡੇ ਸਮੂਹ ਨੂੰ ਵੀ ਇਨ੍ਹਾਂ ਅੰਦੋਲਨਾਂ ਅੰਦਰ ਅੱਤਿਆਚਾਰਾਂ ਦਾ ਵੀ ਸ਼ਿਕਾਰ ਹੋਣਾ ਪਿਆ ਸੀ। ਅੱਜ! ਭਾਵੇਂ ਹਜ਼ਾਰਾਂ ਇਸਤਰੀਆਂ ਇਸ ਕੁਲ ਹਿੰਦ ਕਿਸਾਨ ਅੰਦੋਲਨ ਅੰਦਰ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਇਸ ਦੁਨੀਆਂ ਦੇ ਸਭ ਤੋਂ ਵੱਡੇ ਕਿਸਾਨ ਧਰਨੇ ਅੰਦਰ ਜੋ ਦਿੱਲੀ ਚਲ ਰਿਹਾ ਹੈ, ਦਾ ਸਾਥ ਦੇ ਰਹੀਆਂ ਹਨ। ਇਹ ਵੀਰਾਂਗਣਾ ਆਪਣੇ ਸਾਰੇ ਦੁੱਖ-ਸੁੱਖ ਛੱਡ ਕੇ ਇਸ ਅੰਦੋਲਨ ਅੰਦਰ ਘਰੋਂ-ਬੇਘਰ ਹੋ ਕੇ ਪੂਰੇ ਸਿਰੜ ਨਾਲ ਅੰਦੋਲਨ ਦੀ ਸਫ਼ਲਤਾ ਲਈ ਪੂਰਾ-ਪੂਰਾ ਯੋਗਦਾਨ ਪਾ ਰਹੀਆਂ ਹਨ। ਦੇਸ਼ ਦੀ ਅੱਧੀ ਆਬਾਦੀ ਜਦੋਂ ਉਹ ਵੀ ਸਮਾਜਕ ਸੰਘਰਸ਼ਾਂ ਵਿੱਚ ਆਪਣੀ ਨੈਤਿਕਤਾ ਦੇ ਬਲ ਆਪਣੇ ਹੱਕਾਂ ਅਤੇ ਸਮਾਜਕ ਪ੍ਰੀਵਰਤਨ ਵਿੱਚ ਹਿੱਸੇਦਾਰ ਬਣ ਜਾਣਗੀਆਂ ਤਾਂ ਦੇਸ਼ ਅੰਦਰ ਲੁੱਟ-ਖਸੁਟ ਕਰਨ ਵਾਲੀਆਂ ਤਾਕਤਾਂ ਦਾ ਨੀਤੀ ਤੇ ਨੀਤ ਪੱਖੋਂ ਵੀ ਖਾਤਮਾ ਹੋ ਜਾਵੇਗਾ ?

ਕੌਮੀ ਅਤੇ ਜਮਹੂਰੀ ਅੰਦੋਲਨਾਂ 'ਚ ਪੰਜਾਬੀ ਇਸਤਰੀਆਂ ਦੀ ਸ਼ਮੂਲੀਅਤ ਅਤੇ ਜਨਤਕ ਹਿੱਸੇਦਾਰੀ ਦਾ ਸ਼ਾਨਦਾਰ ਇਤਿਹਾਸ ਰਿਹਾ ਹੈ।

ਕੂਕਾ ਲਹਿਰ 1864-1874 : 1857 ਦੀ ਪਹਿਲੀ ਆਜ਼ਾਦੀ ਦੀ ਜੰਗ ਦੇ ਦਬਾਏ ਜਾਣ ਬਾਦ, 'ਬਸਤੀਵਾਦੀ ਗੋਰੀ ਸਰਕਾਰ ਦੇ ਵਿਰੁੱਧ ਕੂਕਾ-ਲਹਿਰ ਦਾ ਬਹੁਤ ਵੱਡਾ ਇਤਿਹਾਸਕ ਰੋਲ ਹੈ। ਗੋਰੀ ਸਰਕਾਰ ਦਾ ਮੁਕੰਮਲ ਬਾਈਕਾਟ, ਬਰਾਬਰ ਦਾ ਸਵਦੇਸ਼ੀ ਰਾਜਤੰਤਰ ਅਤੇ ਸਮਾਜ-ਸੁਧਾਰ ਰਾਹੀਂ ਪੰਜਾਬੀਆਂ ਅੰਦਰ ਆਜ਼ਾਦੀ ਦੀ ਚਿਣਗ ਪੈਦਾ ਕਰਨੀ ਬਸਤੀਵਾਦੀਆਂ ਵਿਰੁੱਧ ਇਕ ਵੱਡਾ ਚੈਲੰਜ ਸੀ। ਇਸ ਲਹਿਰ ਵਿੱਚ ਇਸਤਰੀਆਂ ਦਾ ਸ਼ਾਮਲ ਹੋਣਾ ਇਕ ਵੱਡੀ ਤਬਦੀਲੀ ਦਾ ਆਧਾਰ ਵੀ ਨਜ਼ਰ ਆਉਂਦਾ ਹੈ, ਭਾਵੇਂ ਇਹ ਧਾਰਮਿਕ ਪੱਖੋ ਹੀ ਸੀ। ਬੀਬੀ ਹੁਕਮੀ, ਮਾਈ ਇੰਦ ਕੌਰ ਹੰਡਿਆਇਆ (ਸੰਗਰੂਰ), ਬੀਬੀ ਖੇਮ ਕੌਰ ਦਿੱਤਪੁਰ (ਸੰਗਰੂਰ) ਵੱਲੋਂ ਇਸ ਲਹਿਰ ਵਿੱਚ ਸ਼ਾਮਲ ਹੋਣਾ ਅਤੇ ਕੈਦ ਕੱਟਣੀ ਪੰਜਾਬ ਅੰਦਰ ਇਸਤਰੀ ਵਰਗ 'ਚ ਆਈ ਗੁਣਆਤਮਿਕ ਤਬਦੀਲੀ ਦੀ ਪਹਿਲੀ ਕਿਰਨ ਸੀ। ਉਸ ਵੇਲੇ ਅੰਮ੍ਰਿਤਸਰ ਤੇ ਹੁਸ਼ਿਆਰਪੁਰ ਦੀ ਕੂਕਾ ਲਹਿਰ ਦੇ ਕੰਮਕਾਜ ਨੂੰ ਚਲਾਉਣ ਲਈ ਬੀਬੀ ਹੁਕਮੀ ਪੁਤਰੀ ਰਤਨ ਸਿੰਘ ਨੂੰ ਪਹਿਲੀ ਇਸਤਰੀ ਸੂਬਾ ਬਣਾ ਕੇ ਰਾਜਨੀਤਕ ਮਾਨਤਾ ਮਿਲੀ ਸੀ। ਕੂਕਾ ਲਹਿਰ ਅੰਦਰ ਇਸਤਰੀ ਨੂੰ ਬਰਾਬਰਤਾ ਦਾ ਰੁਤਬਾ ਦੇਣ ਦਾ ਪੰਜਾਬ ਅੰਦਰ ਇਹ ਪਹਿਲਾ ਯਤਨ ਸੀ।

1885-1947: ਕਾਂਗਰਸ ਪਾਰਟੀ ਦਾ ਭਾਰਤ ਦੇ ਕੌਮੀ ਅੰਦੋਲਨਾਂ ਵਿੱਚ ਵੱਡਾ ਯੋਗਦਾਨ ਰਿਹਾ ਹੈ। ਪਾਰਟੀ ਵੱਲੋਂ ਚਲਾਏ ਅੰਦੋਲਨਾਂ ਅੰਦਰ ਹਰ ਭਾਰਤੀ ਨੇ ਹਿੱਸਾ ਲਿਆ। ਆਜ਼ਾਦੀ ਲਈ ਦਿਨੋ ਦਿਨ ਵੱਧਦੀ ਤਾਂਘ ਨੇ ਹਰ ਵਰਗ ਦੇ ਲੋਕਾਂ ਨੂੰ ਕੌਮੀ ਅੰਦੋਲਨਾਂ ਵੱਲ ਖਿਚਿਆ। ਪੰਜਾਬ ਅੰਦਰ ਵੀ ਕਾਂਗਰਸ ਪਾਰਟੀ ਦਾ ਜਿਉ ਜਿਉਂ ਪ੍ਰਭਾਵ ਵੱਧਦਾ ਗਿਆ, ਕੌਮੀ ਲਹਿਰਾਂ ਵੀ ਮਜ਼ਬੂਤ ਹੁੰਦੀਆਂ ਗਈਆਂ। ਭਾਵੇਂ ਪਹਿਲਾ ਪਹਿਲਾ ਪੜ੍ਹੇ ਲਿਖੇ ਅਤੇ ਉੱਚ ਵਰਗ 'ਚ ਆਏ ਲੋਕਾਂ ਨੇ ਕਾਂਗਰਸ ਪਾਰਟੀ 'ਚ ਸ਼ਮੂਲੀਅਤ ਕੀਤੀ, ਪਰ ! ਹੌਲੀ-ਹੌਲੀ ਸ਼ਹਿਰੀ ਵਰਗ ਵੀ ਇਸ ਦੇ ਨੇੜੇ ਹੁੰਦਾ ਗਿਆ। ਪੰਜਾਬ ਅੰਦਰ ਕਿਸਾਨੀ ਸੰਕਟ ਅਤੇ ਗਰੀਬੀ ਗੁਰਬਤ ਕਾਰਨ ਪੇਂਡੂ ਖੇਤਰਾਂ ਅੰਦਰ ਵੀ ਸਿਆਸੀ ਜਾਗਰੂਕਤਾ ਦਾ ਉਭਾਰ ਪਨਪਿਆ। 1901-1907 ਤੱਕ ਭਾਰਤ ਮਾਤਾ ਸੁਸਾਇਟੀ, ਪੱਗੜੀ ਸੰਭਾਲ ਓ ਜੱਟਾ ਚਲਾਈ ਲਹਿਰ ਜਿਸ ਦੀ ਅਗਵਾਈ ਲਾਲਾ ਲਾਜਪਤ ਰਾਏ, ਸ: ਅਜੀਤ ਸਿੰਘ ਅਤੇ ਲਾਲਾ ਬਾਂਕੇ ਬਿਹਾਰੀ ਲਾਲ ਵੱਲੋ ਸ਼ੁਰੂ ਕੀਤੀ ਕੀਤੀ, ਨੇ ਪੰਜਾਬ ਅੰਦਰ ਸਵਦੇਸ਼ੀ ਲਹਿਰ ਨੂੰ ਜਨਮ ਦਿੱਤਾ। ਇਸ ਲਹਿਰ ਤੋਂ ਪ੍ਰਭਾਵਤ ਹੋ ਕੇ ਪੰਜਾਬ ਅੰਦਰ ਵੀ ਚਿਣਗ ਪੈਦਾ ਹੋਈ। ਬੀਬੀ ਗੁਰਚਰਨ ਕੌਰ ਮਾਨਤਲਾਈ, ਚੰਦਰਾਂਵਤੀ ਚਰਖੀ ਦਾਦਰੀ, ਡਾ: ਪ੍ਰਕਾਸ਼ ਕੌਰ, ਸ਼੍ਰੀਮਤੀ ਪ੍ਰਸੰਨੀ ਦੇਵੀ, ਸ਼੍ਰੀ ਮਤੀ ਸ਼ੰਨੋਦੇਵੀ, ਸ਼੍ਰੀਮਤੀ ਲੇਖਵਤੀ, ਲੱਜਾ ਵਰਮਾ ਆਦਿ ਆਗੂ ਇਸਤਰੀਆਂ ਕਾਂਗਰਸ ਪਾਰਟੀ ਦੀ ਦੇਣ ਹਨ। ਜੋ ਭਾਵੇਂ ਸੁਧਾਰਵਾਦੀ, ਨਾਰੀਵਾਦੀ ਅਤੇ ਕਾਂਗਰਸ ਦੀਆਂ ਨੀਤੀਆਂ ਤੱਕ ਹੀ ਸੀਮਤ ਸਨ। ਆਜ਼ਾਦੀ ਬਾਦ ਉਨ੍ਹਾਂ ਦਾ ਇਸਤਰੀ ਮੁਕਤੀ ਦੀ ਥਾਂ, ਰਾਜਸਤਾ ਦਾ ਸੁਖ ਭੋਗਣਾ ਅਤੇ ਰਾਜਸਤਾ 'ਤੇ ਹਾਕਮ ਜਮਾਤ ਦੀਆਂ ਨੀਤੀਆਂ ਨੂੰ ਲਾਗੂ ਕਰਾਉਣਾ ਇਨ੍ਹਾਂ ਦਾ ਨਿਸ਼ਾਨਾ ਰਿਹਾ।

ਹੋਮ ਰੂਲ ਜੰਗ (1905-1919) ਇਹ ਉਹ ਸਮਾਂ ਸੀ ਜਦੋਂ 1905 'ਚ ਪਹਿਲਾ ਰੂਸੀ ਇਨਕਲਾਬ ਫੇਲ੍ਹ ਹੋਣ ਬਾਦ ਲੈਨਿਨ ਦੀ ਅਗਵਾਈ ਵਿੱਚ ਬਾਲਸ਼ਵਿਕ ਪਾਰਟੀ ਵੱਲੋਂ 1917 ਨੂੰ ਮੁਕੰਮਲ ਮਹਾਨ ਅਕਤੂਬਰ ਇਨ-ਕਲਾਬ ਪ੍ਰਾਪਤ ਕਰ ਲਿਆ। ਗਾਂਧੀ ਜੋ ਭਾਰਤ ਅੰਦਰ ਦੱਖਣੀ ਅਫਰੀਕਾਂ ਤੋਂ ਆ ਕੇ ਦੇਸ਼ ਦੇ ਕੌਮੀ ਮੰਚ 'ਤੇ ਅੱਗੇ ਆਏ ਸਨ, ਵੱਲੋਂ ਹੋਮ ਰੂਲ ਜੰਗ ਦੀ ਸ਼ੁਰੂਆਤ ਕੀਤੀ। ਗੋਰੀ ਸਰਕਾਰ ਨੇ ਲੋਕਾਂ ਤੇ ਅੱਤਿਆਚਾਰ ਸ਼ੁਰੂ ਕਰ ਦਿੱਤੇ। ਇਸ ਅੰਦੋਲਨ ਵਿੱਚ ਸ਼ਹਿਰੀ ਪੰਜਾਬਣਾਂ ਨੇ ਹਿੱਸਾ ਲਿਆ।

ਗਦਰ ਪਾਰਟੀ ਅਤੇ ਲਹਿਰ (1914 - 15) ਦੇਸ਼ ਨੂੰ ਆਜ਼ਾਦ ਕਰਾਉਣ ਲਈ 1857 ਦੇ ਬਾਦ ਇਹ ਪਹਿਲਾ ਹਥਿਆਰਬੰਦ ਆਜ਼ਾਦੀ ਲਈ ਅੰਦੋਲਨ ਸੀ ਜੋ ਸਿਰੇ ਨਹੀਂ ਚੜ੍ਹ ਸਕਿਆ। ਪਰ ! ਇਹ ਅੰਦੋਲਨ ਸਾਡੇ ਲਈ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਦੀ ਤਾਂਘ, ਧਰਮ ਨਿਰਪੱਖਤਾ ਅਤੇ ਬਰਾਬਰਤਾ ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਇੱਕ ਵੱਡਾ ਸਵਾਲ ਛੱਡ ਗਿਆ ਜੋ ਅੱਜੇ ਅਧੂਰਾ ਹੈ ? ਇਸ ਲਹਿਰ ਵਿੱਚ ਬੀਬੀ ਗੁਲਾਬ ਕੌਰ ਵੱਲੋਂ ਪਾਇਆ ਯੋਗਦਾਨ ਇਸਤਰੀ ਵਰਗ ਲਈ ਇੱਕ ਪ੍ਰੇਰਣਾ ਸਰੋਤ ਹੈ।

ਰੋਲਟ ਐਕਟ (1919): ਪਹਿਲੀ ਸੰਸਾਰ ਜੰਗ ਬਾਦ ਟੁਟਿਆ ਭੱਜਿਆ ਬਸਤੀਵਾਦੀ ਸਾਮਰਾਜ ਭਾਰਤੀਆਂ ਨਾਲ ਕੀਤੇ ਵਾਅਦਿਆਂ ਤੋਂ ਪਿੱਛੇ ਹੱਟ ਗਿਆ। ਆਜ਼ਾਦੀ ਦੀ ਥਾਂ ਰੋਲਟ ਐਕਟ ਪਰੋਸ ਕੇ ਕਾਂਗਰਸ ਨੂੰ ਦੇ ਦਿੱਤਾ ਗਿਆ। ਲੋਕਾਂ 'ਚ ਬੇਚੈਨੀ ਫੈਲਣੀ ਲਾਜ਼ਮੀ ਸੀ। ਪੰਜਾਬ ਅੰਦਰ ਇਸ ਐਕਟ ਵਿਰੁੱਧ ਬਹੁਤ ਵੱਡਾ ਲੋਕ ਰੋਹ ਪੈਦਾ ਹੋ ਗਿਆ। ਇਸ ਨੂੰ ਦਬਾਉਣ ਲਈ ਪੰਜਾਬੀਆਂ 'ਤੇ ਹਰ ਤਰ੍ਹਾਂ ਦਾ ਤੱਸ਼ਦਦ ਦੇ ਹੱਥਕੰਡੇ ਵਰਤੇ ਗਏ।

13 ਅਪ੍ਰੈਲ 1919 ਜਲ੍ਹਿਆਂ ਵਾਲਾ ਬਾਗ ਦਾ ਸਾਕਾ: ਰੋਲਟ ਐਕਟ ਪੁਰ ਅਮਨ ਲੋਕਾਂ ਤੇ ਗੋਲੀ ਚਲਾਕੇ ਸੈਂਕੜੇ ਪੰਜਾਬੀ ਸਿੱਖ, ਹਿੰਦੂ, ਮੁਸਲਮਾਨ, ਇਸਤਰੀਆਂ ਅਤੇ ਬੱਚੇ ਸ਼ਹੀਦ ਕਰ ਦਿੱਤੇ। ਦੁਨੀਆਂ ਅੰਦਰ ਬਰਬਰਤਾ ਅਤੇ ਅਣ-ਮਨੁੱਖੀ ਕਾਰੇ ਦੀ ਇਹ ਇਕ ਕਾਲੇ ਇਤਿਹਾਸ ਦੀ ਤਸਵੀਰ ਸੀ। ਇਸ ਖੂਨੀ ਸਾਕੇ ਵਿਰੁੱਧ ਨਿਡਰਤਾ ਨਾਲ ਬਿਆਨ ਦੇਣ ਵਾਲੀ ਮਾਤਾ ਅਤਰ ਕੌਰ, ਸ਼੍ਰੀਮਤੀ ਰਤਨਾ ਦੇਵੀ ਦੇ ਬਿਆਨ, 'ਗੋਰੀ ਸਰਕਾਰ ਦੀ ਕਾਇਰਤਾ, ਜ਼ੁਲਮਾਂ ਦੀ ਕਹਾਣੀ ਅਤੇ ਅਨਿਆਏ ਵਿਰੁੱਧ ਸਚਾਈ ਦੀ ਤਸਵੀਰ ਪੇਸ਼ ਕਰਦੇ ਹਨ।

ਗੁਰਦੁਆਰਾ ਸੁਧਾਰ ਲਹਿਰ (1919-1925): ਗੁਰਦੁਆਰਿਆਂ ਦੇ ਸੁਧਾਰ ਲਈ ਚਲੀ ਇਸ ਲਹਿਰ ਅੰਦਰ ਮਰਦਾਂ ਦਾ ਸਾਥ ਵੀ ਇਸਤਰੀਆਂ ਨੇ ਦਿੱਤਾ। ਇਹ ਲਹਿਰ ਜੋ ਅੰਗਰੇਜ਼ਾਂ ਦੇ ਪਿਠੂ ਕੁਕਰਮੀ ਮਹਿੰਤਾਂ ਵਿਰੁੱਧ ਸੀ, ਦਾ ਰੂਪ ਅੱਗੋਂ ਜਾ ਕੇ ਸਾਮੰਤਵਾਦ ਅਤੇ ਸਾਮ-ਰਾਜ ਵਿਰੋਧੀ ਬਣ ਗਿਆ। ਇਸ ਮੋਰਚੇ ਵਿੱਚ ਸ਼੍ਰੀਮਤੀ ਹਰ ਕੌਰ, ਮਾਨ ਕੌਰ, ਦਾਨ ਕੌਰ, ਰਾਮ ਕੌਰ, ਸੰਤ ਕੌਰ ਆਦਿ ਜੋ ਮਾਨਸਾ, ਬਰਨਾਲਾ ਅਤੇ ਅੰਬਾਲਾ ਦੀਆਂ ਸਨ ਅੰਬਾਲਾ ਜੇਲ੍ਹ 'ਚ ਕੈਦ ਰਹੀਆਂ, ਇਸੇ ਤਰ੍ਹਾਂ ਠੀਕਰੀਵਾਲਾ, ਜੈਤੋ ਅਤੇ ਹੋਰ ਕਈ ਥਾਵਾਂ 'ਤੇ ਜੱਥਿਆ 'ਚ ਸ਼ਾਮਿਲ ਇਸਤਰੀਆਂ ਨੂੰ ਵੀ ਪੁਲੀਸ ਤਸ਼ੱਦਦ ਅਤੇ ਕੈਦਾਂ ਕੱਟਣੀਆਂ ਪਈਆਂ। ਬਿਸ਼ਨ ਕੌਰ ਕਾਉਂਕੇ, ਬੀਬੀ ਧਨ ਕੌਰ, ਭਗਵਾਨ ਕੌਰ, ਹਰਨਾਮ ਕੌਰ, ਧਰਮ ਕੌਰ, ਈਸ਼ਰ ਕੌਰ, ਆਦਿ ਵੀਰਾਂਗਣਾਂ ਜਿਥੇ ਮੋਰਚਿਆਂ 'ਚ ਸ਼ਾਮਲ ਹੋਈਆਂ ਅਤੇ ਉਨ੍ਹਾਂ ਨੇ ਸਜ਼ਾਵਾਂ ਵੀ ਕੱਟੀਆਂ।

ਨਾ-ਮਿਲਵਰਤਨ ਲਹਿਰ (1921) ਗਾਂਧੀ ਵਲੋਂ ਚਲਾਈ ਨਾ ਮਿਲਵਰਤਨ ਲਹਿਰ ਦਾ ਸਾਰੇ ਭਾਰਤ ਅੰਦਰ ਕਾਫੀ ਪ੍ਰਭਾਵ ਪਿਆ। ਕਿਉਂਕਿ ਭਾਰਤੀ ਜਲ੍ਹਿਆਂ-ਵਾਲਾ ਬਾਗ ਦੇ ਸਾਕੇ ਅਤੇ ਗਾਂਧੀ ਦੇ ਸਮਝੌਤਾਵਾਦੀ ਪੈਂਤੜੇ ਵੱਜੋਂ, ਜਿਥੇ ਗਾਂਧੀ ਦੇ ਵਿਚਾਰਾਂ ਤੋਂ ਦੁਖੀ ਸਨ, ਉਨ੍ਹਾਂ ਦਾ ਰੋਹ ਗੋਰੀ ਸਰਕਾਰ ਵਿਰੁੱਧ ਤੇਜ਼ ਹੋ ਰਿਹਾ ਸੀ। 'ਨਾ-ਮਿਲਵਰਤਨ ਲਹਿਰ' ਅਤੇ 'ਖਿਲਾਫ਼ਤ ਅੰਦੋਲਨ' ਦੇ ਇੱਕਠੇ ਚੱਲਣ ਕਾਰਨ ਸਾਰੇ ਭਾਰਤ ਅੰਦਰ ਲੋਕ ਸੜਕਾਂ 'ਤੇ ਉਤਰ ਆਏ। ਇਸਤਰੀਆਂ ਵੀ ਪਿੱਛੇ ਨਹੀਂ ਰਹੀਆਂ। ਮੁਹੰਮਦ ਅਲੀ ਅਤੇ ਸ਼ੌਕਤ ਅਲੀ ਦੀ ਅੰਮੀ ਬਾਈ (ਅੰਮਾਂ) ਅਬੀਦਾ-ਬੇਗਮ ਨੇ ਇਨ੍ਹਾਂ ਅੰਦੋਲਨਾਂ ਦੀ ਅਗਵਾਈ ਕੀਤੀ। ਇਸ ਲਹਿਰ ਵਿੱਚ ਰਾਜਕੁਮਾਰੀ ਅੰਮ੍ਰਿਤ ਕੌਰ, ਬੀਬੀ ਅਮਨ ਕੌਰ, ਲੇਖਵਤੀ ਜੈਨ ਵੱਲੋਂ ਪਾਇਆ ਯੋਗਦਾਨ ਵੀ ਸਲਾਹਉਣ ਯੋਗ ਹੈ। ਕਰਤਾਰ ਦੇਵੀ (ਬਠਿੰਡਾ) ਵੀ ਕਾਫੀ ਸਰਗਰਮ ਰਹੀ।

ਕੋਠਾਲਾ ਮੋਰਚਾ (1927) ਮਲੇਰਕੋਟਲਾ ਦੇ ਨਵਾਬ ਵਿਰੁੱਧ ਚੱਲੇ ਇਕ ਕਿਸਾਨ ਮੋਰਚੇ ਅੰਦਰ ਪੁਲੀਸ ਵੱਲੋਂ ਚਲਾਈ ਗੋਲੀ ਦੌਰਾਨ ਸ਼ਹੀਦ ਹੋਏ 14 ਲੋਕਾਂ ਵਿੱਚ ਇਸਤਰੀਆਂ ਤੇ ਬੱਚੇ ਵੀ ਸ਼ਾਮਲ ਹਨ।

ਕਿਰਤੀ ਮਾਸਕ ਪੱਤਰ: ਇਹ ਪਰਚਾ 1926 ਵਿੱਚ ਸ਼ੁਰੂ ਕੀਤਾ ਜੋ 1931 ਤੋਂ ਮਜ਼ਦੂਰਾਂ ਕਿਸਾਨਾਂ ਪੱਖੀ ਪਰਚੇ ਅੰਦਰ ਕਿਸਾਨਾਂ, ਮਜ਼ਦੂਰਾਂ, ਇਸਤਰੀਆਂ ਅਤੇ ਕੌਮੀ-ਕੌਮਾਂਤਰੀ ਖਬਰਾਂ ਤੋਂ ਬਿਨ੍ਹਾਂ ਮਾਰਕਸਵਾਦੀ ਸਿੱਖਿਆ ਵੀ ਛਾਪੀ ਜਾਂਦੀ ਸੀ। ਇਸ ਦਾ ਪੰਜਾਬ ਦੀ ਨੌਜਵਾਨ ਪੀੜ੍ਹੀ ਤੇ ਕਾਫੀ ਪ੍ਰਭਾਵ ਪਿਆ।

ਨੌਜਵਾਨ ਭਾਰਤ ਸਭਾ ਅਤੇ ਹਿੰਦੋਸਤਾਨ ਸੋਸ਼ਲਿਸ਼ਟ ਰੀਪਬਲੀਕਨ ਐਸੋਸੀਏਸ਼ਨ: ਇਨ੍ਹਾਂ ਜੱਥੇ- ਬੰਦੀਆਂ ਦਾ ਗਠਨ ਪੰਜਾਬ ਅਤੇ ਬਨਾਰਸ ਵਿਖੇ ਕੀਤਾ ਗਿਆ। ਪੰਜਾਬ ਅੰਦਰ ਇਨਕਲਾਬੀ ਵਿਚਾਰਾਂ ਅਤੇ ਸਰਗਰਮੀਆਂ ਨੂੰ ਅੱਗੇ ਵਧਾਉਣ ਲਈ ਇਨ੍ਹਾਂ ਜੱਥੇਬੰਦੀਆਂ ਦਾ ਉਘਾ ਰੋਲ ਰਿਹਾ ਹੈ।ਸ਼ਹੀਦ ਭਗਤ ਸਿੰਘ, ਭਗਵਤੀ ਚਰਨ ਵੋਹਰਾ, ਕਾਮ.ਰਾਮਚੰਦਰ, ਧੰਨਵੰਤਰੀ, ਸੁਖਦੇਵ ਸੋਢੀ, ਪਿੰਡੀ ਦਾਸ, ਰਾਮ ਕ੍ਰਿਸ਼ਨ, ਸਚਿੰਦਰ ਨਾਥ ਸਨਿਆਨ, ਚੰਦਰ ਸ਼ੇਖਰ ਆਦਿ ਇਨ੍ਹਾਂ ਲਹਿਰਾਂ ਦੇ ਉਘੇ ਆਗੂ ਸਨ। ''ਦੁਰਗਾਵਤੀ ਇਨਕਲਾਬਣ'' ਇਕ ਮਹਾਨ ਇਸਤਰੀ ਸੀ ਜਿਸ ਨੇ ਇਨ੍ਹਾਂ ਲਹਿਰਾਂ 'ਚ ਬੜੀ ਸਿਦਕ- ਦਿੱਲੀ ਨਾਲ ਯੋਗਦਾਨ ਪਾਇਆ। ਭਗਵਤੀ ਚਰਨ ਵੋਹਰਾਂ ਦੀ ਉਹ ਜੀਵਨ ਸਾਥਣ ਸੀ, 'ਜਿਹੜਾਂ ਬੰਬ ਬਣਾਉਂਦਾ ਰਾਵੀ ਕੰਢੇ ਬੰਬ ਫੱਟਣ ਨਾਲ ਸ਼ਹੀਦ ਹੋ ਗਿਆ ਸੀ। ਬੀਬੀ ਵਿਦਿਆਵਤੀ ਭਗਤ ਸਿੰਘ ਦੇ ਮਾਤਾ ਜੀ, 'ਵੱਲੋਂ ਇਸ ਲਹਿਰ ਦੌਰਾਨ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

ਆਲ ਪੰਜਾਬ ਸਟੂਡੈਂਟਸ ਕਾਨਫ੍ਰੰਸ (1929) ਪੰਜਾਬ ਅੰਦਰ ਜਦੋਂ ਆਲ ਪੰਜਾਬ ਸਟੂਡੈਂਟ ਕਾਨਫਰੰਸ ਦਸੰਬਰ 1929 ਨੂੰ ਹੋਈ, ਜਿਸ ਦੀ ਪ੍ਰਧਾਨਗੀ ਸੁਭਾਸ਼ ਚੰਦਰ ਬੋਸ ਨੇ ਕੀਤੀ ਸੀ। ਇਸ ਕਾਨਫਰੰਸ ਦੀ ਤਿਆਰ ਲਈ ਮਨਮੋਹਨੀ ਸਹਿਗਲ ਦਾ ਉੱਘਾ ਰੋਲ ਸੀ। ਪਹਿਲੀ ਵਾਰੀ ਨੌਜਵਾਨ ਲੜਕੀਆਂ ਖੁਲ੍ਹ ਕੇ ਖੁਲ੍ਹੀ ਰਾਜਸੀ ਫਿਜ਼ਾ ਅੰਦਰ ਦਾਖਲ ਹੋਈਆਂ।

ਸਿਵਲ ਨਾ ਫੁਰਮਾਨੀ ਲਹਿਰ (1929) ਇਹ ਲਹਿਰ 6 ਅਪ੍ਰੈਲ 1930 ਨੂੰ ਸਾਰੇ ਭਾਰਤ ਅੰਦਰ ਸ਼ੁਰੂ ਕੀਤੀ ਗਈ। ਪੰਜਾਬ ਅੰਦਰ ਸ਼੍ਰੀਮਤੀ ਪੁਸ਼ਪਾ ਗੁਜਰਾਲ ਦੀ ਅਗਵਾਈ ਵਿੱਚ ਸ਼ਹਿਰੀ ਹਲਕਿਆਂ ਅੰਦਰ ਇਸਤਰੀਆਂ ਇਸ ਲਹਿਰ 'ਚ ਸ਼ਾਮਿਲ ਹੋਈਆਂ ਅਤੇ ਗ੍ਰਿਫਤਾਰੀਆਂ ਵੀ ਦਿੱਤੀਆਂ। ਬਸੰਤ ਕੌਰ ਪਿੰਡ ਅਕਲੀਆਂ ਬਠਿੰਡਾ ਨੇ ਵੀ ਇਸ ਲਹਿਰ ਵਿੱਚ ਹਿੱਸਾ ਲਿਆ।

ਪੰਜਾਬ ਅੰਦਰ ਕਿਸਾਨੀ ਮੋਰਚੇ: ਲਾਹੌਰ ਮੋਰਚਾ (1939) ਜੋ ਬੰਦੋਬਸਤ ਦੇ ਨਾਂ ਹੇਠ ਸਰਕਾਰ ਵੱਲੋਂ ਕਿਸਾਨਾਂ ਤੇ ਅਥਾਹ ਬੋਝ ਪਾਇਆ ਗਿਆ ਸੀ, ਜਿਸ ਵਿਰੁੱਧ ਇਕ ਕਿਸਾਨੀ ਰੋਹ ਪੈਦਾ ਹੋਇਆ। ਸ਼੍ਰੀਮਤੀ ਤੇਜ਼ ਕੌਰ ਭੰਗਾਲੀ ਇਕ ਇਸਤਰੀਆਂ ਦਾ ਜੱਥਾ ਲੈ ਕੇ ਗ੍ਰਿਫਤਾਰ ਹੋਈ। ਜੱਥਿਆਂ ਤੇ ਹੋਈ ਲਾਠੀ ਚਾਰਜ ਦੌਰਾਨ ਇੰਦਰ, ਨਰੈਣ ਕੌਰ, ਉਤਮ ਕੌਰ, ਸਖਤ ਜ਼ਖ਼ਮੀ ਹੋ ਗਈਆਂ। ਬਹੁਤ ਸਾਰੀਆਂ ਇਸਤਰੀ ਵਰਕਰਾਂ ਬੀਬੀ ਉਤਮ ਕੌਰ, ਬੇਅੰਤ ਕੌਰ ਅਤੇ ਭਾਗਣ 'ਤੇ ਬੇ-ਤਿਹਾਸ਼ਾ ਅਤਿੱਆਚਾਰ ਕੀਤਾ ਗਿਆ। ਇਸ ਮੋਰਚੇ ਦੌਰਾਨ ਜੇਲ ਅੰਦਰ ਸਾਥੀ ਯੋਗਰਾਜ (ਹੁਸ਼ਿਆਰਪੁਰ) ਦਾ ਅੱਠ ਮਹੀਨਿਆਂ ਦਾ ਬੱਚਾ ਅਤੇ ਇਕ ਇਸਤਰੀ ਸ਼ਹੀਦ ਹੋ ਗਏ, ਬਹੁਤ ਸਾਰੇ ਕਿਸਾਨ ਅੰਦਲੋਨਾਂ, ਮੋਰਚਿਆਂ, ਮੁਜਾਰਾ ਲਹਿਰਾਂ ਦੌਰਾਨ ਅਨੇਕਾਂ ਇਸਤਰੀਆਂ ਜਿਥੇ ਪੁਲੀਸ ਅੱਤਿਆਚਾਰਾਂ ਦਾ ਸ਼ਿਕਾਰ ਹੋਈਆਂ, ਉਥੇ ਬਹੁਤ ਸਾਰੀਆਂ ਆਰਥਿਕ ਤੰਗੀਆਂ ਤਰੁਸ਼ੀਆਂ ਨੂੰ ਵੀ ਉਨ੍ਹਾਂ ਨੇ ਖਿੜੇ ਮੱਥੇ ਹੰਢਾਇਆ। ਬੀਬੀ ਵੀਰਾ ਵੀ ਕਾਫੀ ਸਰਗਰਮ ਰਹੀ ਜੋ ਬਾਬਾ ਸੋਹਣ ਸਿੰਘ ਭਕਨਾ ਦੀ ਧਰਮ-ਪੁੱਤਰੀ ਸੀ।

ਦੂਸਰੀ ਸੰਸਾਰ ਜੰਗ, ਕਿਰਤੀ ਪਾਰਟੀ ਦੀਆਂ ਸਰਗਗਰਮੀਆਂ 1939-1945 ਤੱਕ ਦੇ ਸਮੇਂ ਦੌਰਾਨ ਜੋ ਅੰਦੋਲਨ ਚਲੇ ਉਨ੍ਹਾਂ ਵਿੱਚ ਬੀਬੀ ਕਰਤਾਰ ਕੌਰ ਤਲਵੰਡੀ (ਜੰਡਿਆਲਾ) ਅੰਮ੍ਰਿਤਸਰ, ਵਰਿਆਮ ਕੌਰ ਅਤੇ ਸੰਤੀ ਨਾਨੋ ਨੰਗਲ (ਗੁਰਦਾਸਪੁਰ) ਵੱਲੋਂ ਪਾਏ ਯੋਗਦਾਨ ਅਤੇ ਸਰਗਰਮੀਆਂ ਕਾਰਨ ਇਸਤਰੀਆਂ ਅੰਦਰ ਆਈ ਜਾਗਰਿਤੀ ਇਸ ਦਾ ਪ੍ਰਮਾਣ ਪ੍ਰਗਟ ਕਰਦਾ ਹੈ। ਗੁਰਬਚਨ ਕੌਰ (1943-ਕੁਲ ਹਿੰਦ ਕਾਨਫ੍ਰੰਸ ਭਕਨਾ) ਪਿੰਡ ਹਵੇਲੀ ਲੱਧੇਵਾਲ, ਅੰਮ੍ਰਿਤਸਰ ਨੇ ਹਰਸਾ-ਛੀਨ ਮੋਰਚੇ ਦੌਰਾਨ ਫਿਰੋਜਪੁਰ ਵਿਖੇ ਕੈਦ ਕੱਟੀ।

ਭਾਰਤ ਛੱਡੋ ਅੰਦੋਲਨ (1942) : ਇਸ ਅੰਦੋਲਨ ਅੰਦਰ ਪੰਜਾਬ ਦੇ ਹਰ ਸ਼ਹਿਰ ਕਸਬੇ ਅੰਦਰ ਕਾਂਗਰਸ ਪਾਰਟੀ ਦੇ ਅੰਦੋਲਨਾਂ ਵਿੱਚ ਪੰਜਾਬੀ ਇਸਤਰੀਆਂ ਨੇ ਵੱਡਾ ਯੋਗਦਾਨ ਪਾਇਆ। ਸ਼੍ਰੀ ਮਤੀ ਪੁਸ਼ਪਾਵਤੀ, ਬੀਬੀ ਬੁਧੋਵੰਤੀ, ਹਰਨਾਮ ਕੌਰ, ਛੰਨੋਂ ਦੇਵੀ, ਇਸ ਅੰਦੋਲਨ 'ਚ ਕੈਦ ਕੱਟਣ ਵਾਲੀਆਂ ਪੰਜਾਬਣਾਂ ਸਨ। ਸ਼੍ਰੀਮਤੀ ਸੀਤਾ ਦੇਵੀ ਪਤਨੀ ਸ਼ਬੀਲ ਦਾਸ (ਪ੍ਰਿੰ:) ਨੇ ਲੰਬੀ ਕੈਦ ਕੱਟੀ।

ਆਜ਼ਾਦ ਹਿੰਦ ਫੌਜ (1943-1945): ਆਜ਼ਾਦ ਹਿੰਦ ਫੌਜ ਵਿੱਚ ਸਭ ਤੋਂ ਵੱਧ ਗਿਣਤੀ ਪੰਜਾਬੀਆਂ ਦੀ ਹੋਣ ਕਰਕੇ ਪੰਜਾਬਣਾਂ ਦਾ ਯੋਗਦਾਨ ਵੀ ਵੱਡਮੁੱਲਾ ਸੀ। ਗੁਰਉਪਦੇਸ਼ ਕੌਰ ਅੱਕਾਵਾਲੀ (ਬਠਿੰਡਾ) ਨੇ ਸਿੰਘਾਪੁਰ ਦੀ ਧਰਤੀ 'ਤੇ ਅਤੇ ਬੀਬੀ ਨਿਹਾਲ ਕੌਰ ਨੇ ਆਪਣੇ ਪਤੀ ਨਾਲ ਆਈ.ਐਨ.ਏ ਦੀਆਂ ਸਰਗਰਮੀਆਂ ਵਿੱਚ ਪੂਰੀ ਸ਼ਿਦਤ ਨਾਲ ਹਿੱਸਾ ਲਿਆ।

ਰਿਆਸਤੀ ਪਰਜਾ ਮੰਡਲ ਲਹਿਰਾਂ (1928-1948): ਇਨ੍ਹਾਂ ਲਹਿਰਾਂ ਅੰਦਰ ਜਮੀਨੀ ਮਾਲਕੀ ਦੇ ਅਧਿਕਾਰਾਂ ਲਈ ਚਲੇ ਅੰਦੋਲਨਾਂ 'ਚ ਸ਼੍ਰੀਮਤੀ ਗੁਰਦਿਆਲ ਕੌਰ (ਧੰਨ ਸਿੰਘ ਵਾਲਾ), ਆਸੋ, ਅਜਮੇਰ ਕੌਰ, ਰਾਜ ਕੌਰ, ਚੰਦ ਕੌਰ ਆਦਿ ਜ਼ਿਲ੍ਹਾ ਬਠਿੰਡਾ ਵੱਲੋਂ ਪਟਿਆਲਾ ਵਿਖੇ ਕੈਦਾਂ ਕੱਟੀਆਂ। ਬੀਬੀ ਭਗਵਾਨ ਕੌਰ ਤਾਮਕੋਟ, ਬੀਬੀ ਨਿਹਾਲ ਕੌਰ ਬਹਿਮਣ ਦੀਵਾਨੇ, ਬਸੰਤ ਕੌਰ ਬਖਸ਼ੀਵਾਲਾ ਆਦਿ ਵੱਲੋਂ ਵੀ ਇਨ੍ਹਾਂ ਮੋਰਚਿਆਂ 'ਚ ਸਜ਼ਾਵਾਂ ਭੁਗਤਣ ਵਾਲੀਆਂ ਵੀਰਾਂਗਣਾ ਸਨ। ਬੀਬੀ ਸਰਲਾ ਸ਼ਰਮਾ (ਹਿਮਾਚਲ), ਉੱਮਤ-ਅਸ ਸਲਾਮ ਤੇ ਕੁਸ਼ਲ ਗਰਗ ਪਟਿਆਲਾ, ਪਿੰਡ ਧੂਤ ਕਲਾਂ ਦੀਆਂ ਬੀਬੀਆਂ (ਹੁਸ਼ਿਆਰਪੁਰ), ਈਸ਼ਰ ਕੌਰ ਛਾਹੜ, ਕਰਤਾਰ ਕੌਰ, ਬੀਰ ਖੁਰਦ, ਕਰਤਾਰ ਕੌਰ, ਨਰਾਇਣ ਗੜ੍ਹ, ਪ੍ਰਸਿਨ ਕੌਰ ਖਿਆਲਾ ਖੁਰਦ, ਹਰਨਾਮ ਕੌਰ ਭੱਠਲ, ਧਰਮ ਕੌਰ ਲੌਂਗੋਵਾਲ, ਭਗਵਾਨ ਕੌਰ ਨਰੂਆਣਾ, ਸ਼੍ਰੀਮਤੀ ਫਰੈਂਡਾ ਬੇਦੀ ਅਤੇ ਹੋਰ ਬਹੁਤ ਸਾਰੀਆਂ ਇਸਤਰੀਆਂ ਨੇ ਇਨ੍ਹਾਂ ਲਹਿਰਾਂ 'ਚ ਹਿੱਸਾ ਲਿਆ, ਜੋ ਪੁਲੀਸ ਤਸ਼ੱਦਦ ਦੀਆਂ ਸ਼ਿਕਾਰ ਹੋਈਆਂ ਤੇ ਕੈਦਾਂ ਕੱਟੀਆਂ।

ਆਜ਼ਾਦੀ ਤੋਂ ਬਾਅਦ ਚੱਲੀਆਂ ਲਹਿਰਾਂ: ਮੁਜਾਰਾ ਲਹਿਰ 1948-51 ਜੋ ਰਜਵਾੜਾਂ ਸ਼ਾਹੀ ਵਿਰੁੱਧ ਮੁਜਾਰਿਆਂ ਦਾ ਮਾਲਕੀ ਲਈ ਸੰਘਰਸ਼ ਸੀ। ਇਸ ਅੰਦੋਲਨ ਵਿੱਚ ਮੁਜਾਰਿਆਂ ਦੇ ਨਾਲ ਉਨ੍ਹਾਂ ਦੇ ਪ੍ਰਵਾਰਾਂ ਦਾ ਵੀ ਵੱਡਾ ਯੋਗਦਾਨ ਹੈ। ਪਿੰਡ ਬਖੋਰਾਂ ਕਲਾ, ਰੇਤ ਗੜ੍ਹੀਏ, ਦਲੇਲ ਸਿੰਘ ਵਾਲਾ ਆਦਿ ਪਿੰਡਾਂ ਅੰਦਰ ਗੈਰ-ਮਰੂਸੀ ਮੁਜਾਰੇ ਕਿਸਾਨਾਂ ਵੱਲੋਂ ਬੇਦਖਲੀ ਵਿਰੁੱਧ, 'ਇਕ ਲੰਬਾ ਸਿਰੜੀ ਅਤੇ ਹਥਿਆਰ ਬੰਦ ਘੋਲ ਸੀ। ਇਸ ਘੋਲ ਵਿੱਚ ਧੰਨੋ ਬਖੋਰਾ, ਕਰਤਾਰ ਕੌਰ ਦਲੇਲ ਸਿੰਘ ਵਾਲਾ, ਹਰਨਾਮ ਕੌਰ ਸਤੀਕੇ, ਸ਼ਾਮੋ ਨਰਾਇਣਗੜ੍ਹ ਵਲੋਂ ਪਾਏ ਯੋਗਦਾਨ, ਦਿਖਾਇਆ ਹੌਸਲਾ ਤੇ ਕੁਰਬਾਨੀ ਨੇ ਪੰਜਾਬੀ ਇਸਤਰੀਆਂ ਅੰਦਰ ਇਕ ਨਵੀਂ ਰੂਹ ਫੂਕੀ ਸੀ।

ਖੁਸ਼-ਹੈਸੀਅਤ ਮੋਰਚਾ 1957: ਖੁਸ਼ ਹੈਸੀਅਤ ਟੈਕਸ ਵਿਰੁੱਧ ਚਲੇ ਅੰਦੋਲਨ ਦੌਰਾਨ ਇਸਤਰੀਆਂ ਵੀ ਯੋਗਦਾਨ ਪਾਉਣ ਤੋਂ ਪਿਛੇ ਨਹੀਂ ਰਹੀਆਂ। ਐਤੀਆਣਾ (ਲੁਧਿਆਣਾ) ਦੀਆਂ ਸ਼ਹੀਦ ਬੀਬੀਆਂ -ਚੰਦ ਕੌਰ, ਬਚਨੀ ਅਤੇ ਨਰੂੜ (ਕਪੂਰਥਲਾ) ਦੀਆਂ ਸ਼ਹੀਦ ਬੀਬੀਆਂ ਦੀ ਸ਼ਹਾਦਤ ਨੇ ਇਸਤਰੀ ਵਰਗ ਅੰਦਰ ਇਕ ਨਵੀਂ ਚੇਤਨਾ ਪੈਦਾ ਕੀਤੀ। ਪੰਜਾਬ ਦੇ ਕਈ ਥਾਵਾਂ ਤੇ ਹੋਇਆ ਪੁਲੀਸ ਤਸ਼ੱਦਦ ਵੀ ਲਹਿਰ ਨੂੰ ਦਬਾਅ ਨਹੀਂ ਸਕਿਆ। ਬੀਬੀ ਪ੍ਰੀਤਮ ਕੌਰ ਜੀਵਨ ਸਾਥਣ ਕਾਮ: ਹਰਕਿਸ਼ਨ ਸਿੰਘ ਸੁਰਜੀਤ ਅਤੇ ਬੀਬੀ ਪ੍ਰੀਤਮ ਕੌਰ ਜੀਵਨ ਸਾਥਣ ਗੁਰਬਖਸ਼ ਸਿੰਘ ਅੱਟਾ ਜਲੰਧਰ ਦਾ ਯੋਗਦਾਨ ਵਰਣਨਯੋਗ ਹੈ।

ਬੱਸ ਕਰਾਇਆ ਅੰਦੋਲਨ 1980-81: ਦਰਬਾਰਾ ਸਿੰਘ ਦੀ ਸਰਕਾਰ ਵੱਲੋਂ ਬੱਸਾਂ ਕਿਰਾਇਆਂ 'ਚ ਕੀਤੇ ਵਾਧੇ ਵਿਰੁੱਧ ਸਾਰੇ ਪੰਜਾਬ ਅੰਦਰ ਅੰਦੋਲਨ ਵਿਢਿਆ ਗਿਆ। ਦਸੂਹਾ ਇਸ ਅੰਦੋਲਨ ਦਾ ਕੇਂਦਰ ਸੀ। ਪੰਜਾਬ ਅਸੰਬਲੀ ਘਿਰਾਉ ਲਈ ਪੁਲੀਸ ਦੀ ਸਖਤੀ ਅਤੇ ਰੋਕਾਂ ਦੇ ਬਾਵਜੂਦ ਵੀ ਇਕ ਵੱਡਾ ਇਸਤਰੀ ਜੱਥਾ ਜਿਸ ਦੀ ਅਗਵਾਈ ਰਾਜਿੰਦਰ ਕੌਰ ਚੋਹਕਾ ਕਰ ਰਹੀ ਸੀ, ਵੱਲੋਂ ਘਿਰਾਉ ਕਰਕੇ ਪੰਜਾਬ ਅਸੰਬਲੀ ਦਾ ਅਜਲਾਸ ਹੋਣ ਤੋਂ ਕਾਫੀ ਚਿਰ ਰੋਕ ਰੱਖਿਆ।

ਪੰਜਾਬ ਅੰਦਰ ਦਹਿਸ਼ਤਗਰਦੀ ਦੌਰਾਨ ਜਨਵਾਦੀ ਇਸਤਰੀ ਸਭਾ ਪੰਜਾਬ ਨੇ ਫਿਰਕੂ ਏਕਤਾ ਅਤੇ ਸਦਭਾਵਨਾ ਲਹਿਰਾਂ ਦੌਰਾਨ ਪੂਰੀ ਸ਼ਿਦਤ ਨਾਲ ਹਿੱਸਾ ਲਿਆ।

ਉਪਰੋਕਤ ਦਿੱਤੇ ਸੰਖੇਪ ਅੰਦੋਲਨਾਂ 'ਚ ਭਾਵੇਂ! ਪੰਜਾਬ ਅੰਦਰ ਇਸਤਰੀ ਵਰਗ ਦੀ ਸ਼ਮੂਲੀਅਤ ਭਾਰੂ ਨਹੀਂ ਸੀ। ਪਰ ਇਕ ਜਮੁਹਰੀ ਅਤੇ ਜਨਤਕ ਅਧਾਰਿਤ ਇਸਤਰੀ ਲਹਿਰ ਦੇ ਅੱਗੇ ਵੱਧਣ ਦੇ ਸੁਨਹਿਰੀ ਮੌਕੇ ਜ਼ਰੂਰ ਪੈਦਾ ਹੋ ਗਏ।

ਪੰਜਾਬ ਅੰਦਰ ਜਮਹੂਰੀ ਅਤੇ ਜਨਤਕ ਅਧਾਰ ਵਾਲੀ ਇਸਤਰੀ ਜੱਥੇਬੰਦੀ ਦਾ ਜਨਮ: ਪੰਜਾਬ ਅੰਦਰ ਇਸਤਰੀ ਵਰਗ, 'ਕਿਸੇ ਨਾ ਕਿਸੇ ਰੂਪ ਅੰਦਰ, '19-ਵੀਂ ਸਦੀ ਦੇ ਅੰਤਲੇ ਦਹਾਕਿਆਂ ਤੋਂ 20-ਵੀਂ ਦੇ ਚੌਥੇ ਦਹਾਕੇ ਤੱਕ, ਕਿਸਾਨਾਂ, ਕਿਰਤੀਆਂ, ਨੌਜਵਾਨਾਂ ਅਤੇ ਕੌਮੀ ਅੰਦੋਲਨਾਂ ਤੋਂ ਬਿਨਾਂ, 'ਨੌਜਵਾਨ ਸਭਾ, ਕਿਰਤੀ-ਕਿਸਾਨ ਪਾਰਟੀ, ਕਮਿਊਨਿਸਟ ਪਾਰਟੀ, ਫਾਰਵਰਡ ਬਲਾਕ, ਇਨਕਲਾਬੀ ਗਰੁੱਪਾਂ ਅਤੇ ਹੋਰ ਕਈ ਜਮਹੂਰੀ ਜੱਥੇਬੰਦੀਆਂ ਅੰਦਰ ਸਰਗਰਮੀ ਨਾਲ ਹਿੱਸਾ ਪਾਉਂਦਾ ਰਿਹਾ ਹੈ। ਜੱਥੇਬੰਦੀਆਂ ਅਤੇ ਕਾਰਕੁਨਾਂ ਤੱਕ ਸੁਨੇਹੇ ਭੇਜਣ, ਰਿਹਾਇਸ਼ ਦਾ ਪ੍ਰਬੰਧ ਅਤੇ ਪੁਲੀਸ ਘੇਰਿਆਂ ਵਿੱਚੋਂ ਆਗੂ ਨੂੰ ਹਿਫ਼ਾਜਤੀ ਤਰੀਕੇ ਨਾਲ ਸੁਰੱਖਿਆ ਥਾਵਾਂ ਤੇ ਪਹੁੰਚਾਉਣ ਦੇ ਬਹਾਦਰੀ ਵਾਲੇ ਕਾਰਨਾਮੇ ਵੀ ਇਤਿਹਾਸ ਦੇ ਪੰਨਿਆਂ ਤੇ ਨਾਂ ਇਨ੍ਹਾਂ ਵੀਰਾਂਗਣਾ ਦੇ ਲਿਖੇ ਹੋਏ ਹਨ।

ਸ਼ਹੀਦ ਭਗਤ ਸਿੰਘ ਨੂੰ ਲਾਹੌਰ ਤੋਂ ਕਲਕੱਤੇ ਪਹੁੰਚਾਉਣ 'ਚ, 'ਬੀਬੀ ਦੁਰਗਾ ਦੇਵੀ ਵੱਲੋਂ ਦਿਖਾਈ ਬਹਾਦਰੀ, ਗਦਰ ਪਾਰਟੀ ਦੀ ਬੀਬੀ ਗੁਲਾਬ ਕੌਰ ਵੱਲੋਂ ਮਫ਼ਰੂਰ ਗਦਰੀਆਂ ਨੂੰ ਸੁਨੇਹੇ, ਸਮਾਨ ਅਤੇ ਹਥਿਆਰ ਪਹੁੰਚਾਉਣੇ ਅਤੇ ਬੀਬੀ ਰਘਵੀਰ ਕੌਰ ਵੱਲੋਂ ਕਿਸਾਨੀ ਮੋਰਚਿਆਂ 'ਚ ਮੋਹਰਲੀਆਂ ਕਤਾਰਾਂ 'ਚ ਸ਼ਾਮਲ ਹੋ ਕੇ ਗੋਰੀ ਸਰਕਾਰ ਅਤੇ ਜਗੀਰਦਾਰਾਂ ਨੂੰ ਲਲਕਾਰਨਾ, ਕੀਤੀਆਂ ਕੁਰਬਾਨੀਆਂ, ਇਨ੍ਹਾਂ ਵੀਰਾਂਗਣਾ ਦੇ ਕਾਰਨਾਮੇ ਅਤੇ ਲਹਿਰਾਂ 'ਚ ਪਏ ਯੋਗਦਾਨ ਸਦਾ ਯਾਦ ਰਹਿਣਗੇ। ਬੀਬੀ ਰਘਵੀਰ ਕੌਰ ਕਮਿਊਨਿਸਟ ਪਾਰਟੀ ਵੱਲੋਂ 1937 ਨੂੰ ਅੰਮ੍ਰਿਤਸਰ ਜਿਲੇ 'ਚ ਐਮ.ਐਲ.ਏ. ਚੁਣੀ ਜਾਣ ਵਾਲੀ ਆਜ਼ਾਦੀ ਤੋਂ ਪਹਿਲੀ ਕਮਿਊਨਿਸਟ ਆਗੂ ਸੀ। ਉਹ ਇਕ ਦਲੇਰ ਇਸਤਰੀ ਆਗੂ ਸੀ।

ਪੰਜਾਬ ਅੰਦਰ ਇਸਤਰੀ ਜਮਹੂਰੀ ਜਨ-ਅੰਦੋਲਨ ਭਾਵੇਂ ਅੱਜੇ ਤੱਕ ਪੂਰੀ ਤਰ੍ਹਾਂ ਵਿਕਸਤ ਨਹੀ ਸੀ ਹੋ ਸੱਕਿਆ, ਪਰ ਇਸਤਰੀ ਅੰਦੋਲਨ, 'ਰਾਜ ਅੰਦਰ ਅਨੇਕ ਤਰ੍ਹਾਂ ਦੇ ਵਿਚਾਰਧਾਰਕ ਪ੍ਰਵਿਰਤੀਆਂ ਨਾਲ ਜੁੜ ਕੇ ਹੋਂਦ ਵਿੱਚ ਜ਼ਰੂਰ ਆਏ। ਪੰਜਾਬ ਅੰਦਰ ਅੰਦੋਲਨ ਲਿੰਗਕ-ਅਸਮਾਨਤਾਂ ਅਤੇ ਨਾਬਰਾਬਰੀ ਵਰਗੇ ਮੁੱਦਿਆਂ ਨਾਲ ਜੁੜ ਕੇ ਪਨਪੇ ਜ਼ਰੂਰ, ਪਰ ! ਸਾਮੰਤਵਾਦੀ ਰੋਕਾਂ,ਅੰਧ-ਵਿਸ਼ਵਾਸ਼ ਅਤੇ ਜਮਹੂਰੀ ਲਹਿਰਾਂ ਦੇ ਕੰਮਜ਼ੋਰ ਹੋਣ ਕਾਰਣ,' ਪੰਜਾਬ ਅੰਦਰ ਇਸਤਰੀ ਸੰਗਠਨ ਅਤੇ ਜਮਹੂਰੀ ਅੰਦੋਲਨ ਬਹੁਤ ਪਛੜਕੇ ਹੋਂਦ ਵਿੱਚ ਆਇਆ। ਮਈ,1940 ਦੌਰਾਨ ਪੰਜਾਬ ਅੰਦੋਲਨ ਸਰਕਾਰੀ ਜ਼ਬਰ ਅਤੇ ਸਖਤੀ ਦਾ ਦੌਰ ਪੂਰੇ ਜੋਬਨ ਤੇ ਸੀ। ਪੰਜਾਬ ਦੀ ਖੱਬੀ ਧਿਰ ਭਾਵੇਂ ਸੀ.ਪੀ.ਆਈ, ਜੋ ਆਫੀਸ਼ੀਅਲ ਪਾਰਟੀ ਸੀ, ਕਿਰਤੀ ਪਾਰਟੀ ਜੋ ਪੰਜਾਬ ਅੰਦਰ ਵੱਧ ਪ੍ਰਭਾਵ ਰੱਖਦੀ ਸੀ, ਪਰ ਕੇਂਦਰ 'ਚ ਮਾਨਤਾ ਪ੍ਰਾਪਤ ਨਹੀ ਸੀ। ਇਸੇ ਦੌਰਾਨ ਹੀ ਇਸਤਰੀ ਵਰਗ ਨੂੰ ਲਾਮਬੰਦ ਕਰਨ ਲਈ ਕਿਰਤੀ-ਪਾਰਟੀ ਵੱਲੋਂ ਉਪਰਾਲਾ ਕੀਤਾ ਜਾਂਦਾ ਗਿਆ। ਲਾਹੌਰ ਅੰਦਰ ਸ਼ਕੁੰਤਲਾ ਸ਼ਾਰਦਾ, ਜੋ ਇੱਕ ਖੱਬੇ ਪੱਖੀ ਸੋਚ ਰੱਖਣ ਵਾਲੀ ਇਸਤਰੀ ਕਾਰਕੁੰਨ ਸੀ। ਜੋ ਪਹਿਲਾਂ ਹੀ ਲੋਕਾਂ ਅੰਦਰ ਵਿਚਰਦੀ ਹੋਣ ਕਰਕੇ ਇੱਕ ਜਾਣ-ਪਛਾਣ ਵਾਲੀ ਕਾਰਕੁਨ ਅਤੇ ਆਗੂ ਵਜੋਂ ਪ੍ਰਵਾਨਤ ਸੀ। ਕਿਰਤੀ ਪਾਰਟੀ ਵੱਲੋਂ ਉਸ ਰਾਹੀ ਇੱਕ ਇਸਤਰੀ ਸੈਲ ਸਥਾਪਤ ਕੀਤਾ ਗਿਆ। ਇਸ ਸੈਲ ਵਿੱਚ ਸੁਸ਼ੀਲ ਕੁਮਾਰੀ ਦੀ ਸ਼ਮੂਲੀਅਤ ਹੋਣ ਕਰਕੇ ਮਜ਼ਬੂਤੀ ਆਈ। ਉਹ ਕਿਸਾਨ ਆਗੂ ਵੀ ਸੀ ਅਤੇ ਕਈ ਸੱਤਿਆਗ੍ਰਿਹਾਂ ਦੌਰਾਨ ਜੇਲ੍ਹਾਂ 'ਚ ਜਾ ਚੁੱਕੀ ਸੀ, ਉਸ ਦੀ ਅਗਵਾਈ ਵਿੱਚ ਇਸਤਰੀਆਂ ਨੂੰ ਸੰਗਠਤ ਕਰਨ ਦੀ ਰਾਹ ਪੱਧਰਾ ਹੋ ਗਿਆ। ਗੁਰਦਾਸਪੁਰ ਤੋਂ ਤਿੰਨ-ਚਾਰ ਇਸਤਰੀਆਂ - ਹਰਜੀਤ ਕੌਰ, ਵਰਿਆਮ ਕੌਰ, ਕਿਸਾਨ ਸਭਾ 'ਚ ਕੰਮ ਕਰਦੀਆ ਸਨ, 'ਉਹ ਵੀ ਇਨ੍ਹਾ ਨਾਲ ਸ਼ਾਮਲ ਹੋ ਗਈਆ। ਗੁਰਦਾਸਪੁਰ ਤੋਂ ਬਿਨਾਂ ਮਦਨ-ਚੂਹੜ ਚੱਕ, ਇੰਦੀ-ਦਾਉਸਰ, ਲਾਜਵੰਤੀ -ਕੋਕਰੀ, ਅੰਮ੍ਰਿਤਸਰ ਜ਼ਿਲੇ ਵਿੱਚ ਸਰਲਾ, ਕਾਂਗੜਾ ਤੋ ਸੁਸ਼ੀਲ ਕੁਮਾਰੀ ਅਤੇ ਬਾਅਦ ਵਿੱਚ ਊਸ਼ਾ ਨੇ ਮਿਲਕੇ ਇਸਤਰੀ ਸਰਗਰਮੀਆਂ ਨੂੰ ਅੱਗੇ ਵਧਾਇਆ। ਜ਼ਿਲਾ ਸ਼ੇਖੂਪੁਰਾ 'ਬੀਬੀ ਜੋਗਿੰਦਰ ਕੌਰ ਮਾਨ ਵੀ ਇਨ੍ਹਾਂ ਨਾਲ ਸ਼ਾਮਿਲ ਹੋ ਗਈ ਜਿਨ੍ਹਾਂ ਨੇ ਮਿਲ ਕੇ ਪੰਜਾਬ ਅੰਦਰ ਇਸਤਰੀ ਸੰਗਠਨ ਨੂੰ ਕਾਇਮ ਕਰਨ ਲਈ ਮੋਹਰੀ ਰੋਲ ਅਦਾ ਕੀਤਾ।

22-ਫਰਵਰੀ 1942 ਨੂੰ ਲਾਹੌਰ ਸ਼ਹਿਰ ਅੰਦਰ ਪਹਿਲੀ ਇਸਤਰੀ ਜਥੇਬੰਦੀ ''ਪ੍ਰੋਗਰੈਸਿਵ ਵੋਮੈਨ ਕਾਨਫਰੰਸ'' ਸੰਗਠਤ ਕੀਤੀ ਗਈ। ਕੈਂਬਲ ਪੁਰ ਜੇਲ੍ਹ ਅੰਦਰ ਕਿਰਤੀ-ਕਿਸਾਨ ਪਾਰਟੀ ਵੱਲੋਂ ਪੰਜਾਬ ਅੰਦਰ ਇਸਤਰੀ ਵਿੰਗ ਸਥਾਪਿਤ ਕਰਨ ਦਾ ਜੋ ਫੈਸਲਾ ਲਿਆ ਗਿਆ ਸੀ, ' ਉਸ ਤਹਿਤ ਬੀਬੀ ਰਘਬੀਰ ਕੌਰ ਐਮ ਐਲ .ਏ ਨੂੰ ਪ੍ਰਧਾਨ,ਸੀਤਾ ਦੇਵੀ ਕਾਂਗਰਸ ਅਤੇ ਬਾਜੀ ਰਸ਼ੀਦ ਬੇਗਮ (ਮੁਸਲਿਮ ਲੀਗ) ਨੂੰ ਉਪਪ੍ਰਧਾਨ ਅਤੇ ਸੁਸ਼ੀਲ ਕੁਮਾਰੀ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਚੋਣ ਬਾਅਦ ਇਸਤਰੀ ਸਭਾ ਦੀ 2000 ਮੈਂਬਰ-ਸ਼ਿਪ ਕੀਤੀ ਗਈ। ਫਿਰੋਜ਼ਪੁਰ, ਸੇਖੂਪੁਰਾਂ, ਗੁਰਦਾਸਪੁਰ ਤੇ ਕਾਂਗੜਾ ਅੰਦਰ ਜਿਲ੍ਹਾ ਕਮੇਟੀਆਂ ਦਾ ਗਠਨ ਕੀਤਾ ਗਿਆ।ਪਰ ਛੇਤੀ ਹੀ ਭਾਰਤ ਦੀ ਵੰਡ ਹੋਣ ਕਾਰਨ, 'ਇਸਤਰੀ ਜੱਥੇਬੰਦੀ ਵੀ ਅਗਸਤ 1947 ਬਾਅਦ ਖੇਰੂੰ-ਖੇਰੂ ਹੋ ਗਈ। ਇਸਤੋਂ ਬਿਨਾਂ ਪੰਜਾਬ ਅੰਦਰ ਚਲੀਆ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀ, ਨੌਜਵਾਨਾਂ ਦੀਆ ਲਹਿਰਾਂ ਅਤੇ ਬਸਤੀਵਾਦੀ ਹਾਕਮਾਂ ਦੇ ਤਸ਼ਦੱਦ ਵਿਰੁੱਧ ਚਲੇ ਅੰਦੋਲਨਾਂ ਵਿੱਚ ਵੀ ਇਸਤਰੀਆਂ ਹਿੱਸਾ ਲੈਂਦੀਆ ਰਹੀਆਂ ਸਨ। ਪਹਿਲਾਂ-ਪਹਿਲਾਂ ਪੰਜਾਬ ਅੰਦਰ ਸ਼ਹਿਰੀ ਖੇਤਰਾਂ 'ਚ, ਰਾਜਸੀ ਪ੍ਰਵਾਰਾਂ, ਉੱਚ ਵਰਗ 'ਚ ਪੜ੍ਹੀਆਂ ਲਿਖੀਆਂ ਇਸਤਰੀਆ ਨੇ ਹੀ ਕੌਮੀ ਅੰਦੋਲਨਾਂ ਵਿੱਚ ਹਿੱਸਾ ਲਿਆ।ਹੌਲੀ-ਹੌਲੀ ਜਿਉਂ-ਜਿਉਂ ਜਾਗਰਿਤੀ, ਗਿਆਨ ਅਤੇ ਜਨਤਕ ਅੰਦੋਲਨ ਤੇਜ਼ ਹੁੰਦੇ ਗਏ, ਪੰਜਾਬੀ ਇਸਤਰੀਆਂ ਖਾਸ ਕਰਕੇ ਜੋ ਕਿਸਾਨ ਵਰਗ ਵਿੱਚੋਂ, ਅੱਗੇ ਆਈਆਂ, ਅਤੇ ਇਨ੍ਹਾਂ ਵਰਗੀ -ਅੰਦੋਲਨਾ 'ਚ ਸ਼ਾਮਲ ਹੁੰਦੀਆ ਗਈਆਂ। 1942 ਤੋਂ ਬਾਅਦ ਹੀ ਇਸਤਰੀ ਜੱਥੇਬੰਦੀ ਨੇ ਇਸਤਰੀਆਂ ਦੇ ਮੱਸਲੇ ਲੈ ਕੇ,' ਜਮਹੂਰੀ ਢੰਗ ਅਤੇ ਜਮਰੂਹੀ ਸੋਚ ਨਾਲ ਇਸਤਰੀ ਵਰਗ ਨੂੰ ਲਾਮਬੰਦ ਕਰਨ ਲਈ ਉਪਰਾਲੇ ਸ਼ੁਰੂ ਕੀਤੇ।ਆਜ਼ਾਦੀ ਤੋਂ ਪਹਿਲਾਂ ਦਾ ਇਸਤਰੀ ਸੰਗਠਨ ,ਜੋ ਜਨਤਕ ਅਧਾਰਿਤ ਸੀ, '22 ਫਰਵਰੀ 1942 ਨੂੰ '' ਪ੍ਰੋਗਰੈਸਿਵ ਵੋਮੈਨ ਕਾਨਫਰੰਸ'' ਦੇ ਨਾਂ ਹੇਠ ਲਾਹੌਰ ਵਿਖੇ ਹੋਂਦ ਵਿੱਚ ਆਇਆ ਸੀ।

1947 ਨੂੰ ਭਾਰਤ ਅਤੇ ਪਾਕਿਸਤਾਨ ਦੇ ਹੋਂਦ ਵਿੱਚ ਆਉਣ ਨਾਲ ਜਿੱਥੇ ਲੋਕ ਫਿਰਕੂ ਭਾਈਚਾਰਿਆਂ ਅੰਦਰ ਵੰਡੇ ਗਏ, ਪੰਜਾਬ ਅੰਦਰ ਦੋਨੋ ਪਾਸੇ ਹੋਈ ਫਿਰਕੂ ਕੱਟ-ਵੱਢ ਨੇ ਸਭ ਤੋਂ ਵੱਧ ਨੁਕਸਾਨ ਕੀਤਾ ਜਮਹੂਰੀ ਲਹਿਰਾਂ ਦਾ? ਜਿਸ ਦਾ ਅਸਰ ਪੰਜਾਬ ਇਸਤਰੀ ਲਹਿਰ ਤੇ ਪੈਣਾ ਵੀ ਲਾਜ਼ਮੀ ਸੀ।ਸੀ.ਪੀ.ਆਈ. ਵੱਲੋਂ ਪਹਿਲ ਕਦਮੀ ਕਰਕੇ ਮੁੜ ਪੰਜਾਬ ਅੰਦਰ, 'ਪੰਜਾਬ ਇਸਤਰੀ ਸਭਾ ਨੂੰ 'ਉਪਰੋਂ ਆਏ ਕੌਮੀ ਭਾਰਤੀ ਇਸਤਰੀ ਫੈਡਰੈਸ਼ਨ'' (ਟ।¯।ਜ਼।) ਦੇ ਸੱਦੇ ਤੇ 'ਗਠਿਤ ਕਰਕੇ ਸਰਗਰਮ ਕੀਤਾ ਗਿਆ। ਇਸ ਦੀਆ ਆਗੂ ਸਨ, 'ਵਿਮਲਾ ਡਾਂਗ, ਉਰਮਿਲਾ ਆਨੰਦ, ਕੈਲਾਸ਼ਵਤੀ, ਉਸ਼ਮਾ ਰੇਖੀ, ਬੀਰ ਕਲਸੀ, ਸ਼ੀਲਾ ਦੀਦੀ, ਸੁਸ਼ੀਲਾ ਚੈਨ, ਹਾਕਮਦੇਵੀ, ਆਦਿ ਨੇ ਮੁੜ ਸਭਾ ਦੀਆਂ ਸਰਗਰਮੀਆਂ ਸਾਂਝੇ ਪੰਜਾਬ ਅੰਦਰ ਸ਼ੁਰੂ ਕਰ ਦਿੱਤੀਆਂ। 1964 ਦੇ ਪਾਰਟੀ ਅੰਦਰ ਆਏ ਵਿਚਾਰਕ ਮਤ -ਭੇਦ ਕਾਰਨ, 'ਪੰਜਾਬ ਇਸਤਰੀ ਸਭਾ ਦੀ ਸਮੁੱਚੀ ਲੀਡਰਸ਼ਿਪ ਸੀ.ਪੀ.ਆਈ. ਨਾਲ ਸਹਿਮਤ ਹੋਣ ਕਰਕੇ,'ਪੰਜਾਬ ਯੂਨਿਟ ਕੌਮੀ ਭਾਰਤੀ ਇਸਤਰੀ ਫੈਡਰੇਸ਼ਨ ਨਾਲ ਜੁੜਿਆ ਰਿਹਾ, ਜਿਹੜਾ ਕਾਂਗਰਸ ਨਾਲ ਭਾਈਵਾਲੀ ਲਾਈਨ ਤੇ ਚਲ ਰਿਹਾ ਸੀ। ਇਸ ਲਈ ''ਪੰਜਾਬ ਅੰਦਰ ਜਮਰੂਹੀ ਜਨਤਕ ਅਧਾਰਿਤ ਵਾਲੀ ਜਨਵਾਦੀ ਇਸਤਰੀ ਸਭਾ'' ਨੂੰ ਉਸਾਰਨ ਲਈ ਬਾਅਦ ਵਿੱਚ ਯਤਨ ਅਰੰਭੇ ਗਏ। ਖਾਸ ਕਰਕੇ ਹੁਸ਼ਿਆਰਪੁਰ ਜ਼ਿਲੇ ਅੰਦਰ 1974 ਬਾਅਦ ਰਜਿੰਦਰ ਕੌਰ ਚੋਹਕਾ ਦੀ ਅਗਵਾਈ ਵਿੱਚ ਸਭਾ ਦੀ ਉਸਾਰੀ ਲਈ ਪਹਿਲ ਕਦਮੀ ਕੀਤੀ ਗਈ।

ਪੰਜਾਬ ਅੰਦਰ ਰਾਜਿੰਦਰ ਕੌਰ ਚੋਹਕਾ ਦੀ ਅਗਵਾਈ ਵਿੱਚ ਨਿਰਮਲਾ ਕੁਮਾਰੀ,ਸ਼ਮਿੰਦਰ ਕੌਰ ਲੌਂਗੋਵਾਲ, ਸੁਰਜੀਤ ਕੁਮਾਰੀ, ਗੁਰਮੇਜ਼ ਕੌਰ,ਆਸ਼ਾ ਰਾਣੀ ਆਦਿ ਪਾਰਟੀ ਦੀਆ ਇਸਤਰੀ ਮੈਬਰਾਂ ਦੀ ਟੀਮ ਨੇ ਫਿਲੌਰ ਵਿਖੇ 1980 ਨੂੰ ਪਹਿਲੀ ਕਨਵੈਨਸ਼ਨ ਕਰਕੇ, 'ਪੰਜਾਬ ਜਨਵਾਦੀ ਇਸਤਰੀ ਸਭਾ ਦੇ ਗਠਨ ਦਾ ਬੀੜਾ ਚੁਕਿਆ। ਪੰਜਾਬ ਅੰਦਰ ਰਾਜਿੰਦਰ ਕੌਰ ਚੋਹਕਾ ਦੀ ਅਗਵਾਈ ਵਿੱਚ ਹੌਲੀ ਹੌਲੀ ਸੰਗਠਨ ਨੂੰ ਅੱਗੇ ਵਧਾਇਆ ਗਿਆ ਅਤੇ ਰਾਜ ਅੰਦਰ ਸਭਾ ਦੀਆਂ ਸਰਗਰਮੀਆਂ ਤੇਜ ਹੋਣ ਕਾਰਨ ਪ੍ਰਭਾਵ ਵਧਿਆ। 10-12 ਮਾਰਚ,1981 ਦੀ ''ਐਡਵਾ'' ਦੀ ਪਹਿਲੀ ਕੌਮੀ ਕਾਨਫ੍ਰੰਸ ਮਦਰਾਸ ਕਰਨ ਉਪਰੰਤ,' ਪੰਜਾਬ ਜਨਵਾਦੀ ਇਸਤਰੀ ਸਭਾ, ''ਕੁਲ ਹਿੰਦ ਜਨਵਾਦੀ ਇਸਤਰੀ ਸਭਾ'' ਦੀ ਇਕ ਬ੍ਰਾਂਚ ਵੱਜੋਂ ਸਰਗਰਮ ਹੋ ਗਈ। ਇਥੇ ਇਹ ਵਰਨਣ ਕਰਨਾ ਲਾਜ਼ਮੀ ਹੈ, 'ਕਿ ਪੰਜਾਬ ਅੰਦਰ ਦਹਿਸ਼ਤਗਰਦੀ ਦੇ ਕਾਲੇ ਦੌਰ ਦੌਰਾਨ ਜਨਵਾਦੀ ਇਸਤਰੀ ਸਭਾ ਪੰਜਾਬ, 'ਨੇ ਪੰਜਾਬੀਆਂ ਦੀ ਏਕਤਾ ਲਈ, ਇਸਤਰੀ ਮੰਗਾਂ ਅਤੇ ਜਮਹੂਰੀ ਅੰਦੋਲਨਾਂ ਵਿੱਚ ਪੂਰੀ ਸ਼ਿਦਤ ਨਾਲ ਯੋਗਦਾਨ ਪਾ ਕੇ ਸਭਾ ਨੂੰ ਜਨਤਕ ਅਧਾਰ ਵਾਲੀ ਬਣਾਉਣ ਦੇ ਉਪਰਾਲੇ ਅਰੰਭੇ ਸੀ। 1980-81 ਦੇ ਪੰਜਾਬ ਅੰਦਰ ਬੱਸ ਕਰਾਇਆ-ਅੰਦੋਲਨ ਦੌਰਾਨ ਪੰਜਾਬ ਅਸੰਬਲੀ ਘਿਰਾਓ ਵੇਲੇ, ਜਿਸ ਨੇ ਅਸੰਬਲੀ ਦੀ ਕਾਰਵਾਈ ਸ਼ੁਰੂ ਹੋਣੋ ਰੋਕ ਦਿੱਤੀ ਸੀ। ਘਿਰਾਓ ਵੇਲੇ ਪਹਿਲੀ ਕਤਾਰ 'ਚ ਸ਼ਾਮਲ ਇਸਤਰੀ ਸਭਾ ਦੀਆਂ ਕਾਰਕੁਨਾਂ ਸਨ, ਜਿਨ੍ਹਾਂ ਨੇ ਅਸੰਬਲੀ ਦਾ ਰਾਹ ਰੋਕਿਆ ਸੀ, ਜਿਸ ਦੀ ਅਗਵਾਈ ਰਾਜਿੰਦਰ ਕੌਰ ਚੋਹਕਾ ਨੇ ਕੀਤੀ ਸੀ। ਹੌਲੀ ਹੌਲੀ ਜਨਵਾਦੀ ਇਸਤਰੀ ਸਭਾ ਨੂੰ ਸੂਬਾਈ ਜੱਥੇਬੰਦਕ ਰੂਪ ਦੇਣ ਲਈ ਬਕਾਇਦਾ ਸਾਰੇ ਜ਼ਿਲ੍ਹਿਆਂ ਅੰਦਰ ਸਰਗਰਮੀਆਂ ਸ਼ੁਰੂ ਕਰਨ ਲਈ ਰਾਜਿੰਦਰ ਕੌਰ ਚੋਹਕਾ ਤੇ ਉਸ ਦੀ ਟੀਮ ਨੇ ਪੂਰੀ ਨਿਸ਼ਟਾ ਨਾਲ ਕੰਮ ਕੀਤਾ। ਸਭਾ ਨੂੰ ਜਨਤਕ-ਰੂਪ ਦੇਣ ਲਈ ਜਮਹੂਰੀ ਪ੍ਰਕਿਰਿਆ ਨੂੰ ਤੇਜ ਕੀਤਾ ਗਿਆ। ਸਭਾ ਦਾ ਘੇਰਾ ਵਿਸ਼ਾਲ ਹੋਇਆ, ਪਰ ! ਹਲਾਤਾਂ ਨੇ ਸਾਥ ਨਹੀਂ ਦਿੱਤਾ। ਬਹੁਤ ਸਾਰੇ ਉਤਰਾਵਾਂ ਅਤੇ ਚੜਾਵਾਂ ਬਾਦ, 'ਮੌਜੂਦਾ ਜਨਵਾਦੀ ਇਸਤਰੀ ਸਭਾ ਦੇ ਰੂ-ਬਰੂ ਲੀਡਰਸ਼ਿਪ ਵੱਲੋਂ ਸਭਾ ਨੂੰ ਅੱਗੇ ਵਧਾਉਣ ਲਈ ਯਤਨ ਹੋ ਰਹੇ ਹਨ।

''ਅੱਜ ਫਿਰ ਇਸਤਰੀ ਵਰਗ ਦੇਸ਼ ਦੀ ਸਮੁੱਚੀ ਕਿਸਾਨੀ ਦੇ ਸੰਗ ਦਿੱਲੀ ਦੇ ਕਿੰਗਰਿਆਂ ਨੂੰ ਘੇਰਾ-ਘੱਤੀ ਬੈਠੇ ਲੱਖਾਂ ਕਿਸਾਨ ਮਰਦ ਤੇ ਇਸਤਰੀਆਂ ਜਿਨ੍ਹਾਂ ਨੇ ਆਪਣੀ ਨੈਤਿਕਤਾ ਖੁਦ ਸਿਰਜੀ ਹੈ ਸੰਘਰਸ਼ਸ਼ੀਲ ਹੈ। ਬੜੇ ਸਬਰ ਤੇ ਹੌਸਲਿਆ ਨਾਲ ਸਹਿਣਸ਼ੀਲ ਰਹਿੰਦਿਆ, ਪੂਰੀ ਸੇਵਾ-ਭਾਵਨਾ ਤੇ ਕੁਰਬਾਨੀ ਨਾਲ ਆਪਣੀ ਕਿਰਤ ਨਾਲ ਪੈਦਾ ਕੀਤੇ ਅੰਨ ਜਿਸ ਨੇ ਸਾਡੇ ਰਗਾਂ ਅੰਦਰ ਲਾਲ-ਖੂਨ ਪੈਦਾ ਕੀਤਾ ਹੈ ਅਡੋਲ ਰਹਿ ਕੇ ਹਾਕਮਾਂ ਦੇ ਕਠੋਰ ਤੋਂ ਕਠੋਰ ਤਸੀਹੇ ਸਹਿਣ ਨੂੰ ਤਿਆਰ ਹਨ। ਇਸਤਰੀਆਂ ਜਿਨ੍ਹਾਂ ਨੇ ਬਿਨ੍ਹਾਂ ਅੰਨ ਖਾਧਿਆ, ਬੂੰਦ ਪਾਣੀ ਤੇ ਰਹਿ ਕੇ ਚੱਕੀਆਂ ਪੀਸੀਆਂ, ਆਪਣੇ ਬੱਚਿਆਂ ਦੇ ਟੋਟੇ-ਟੋਟੇ ਕਰਾਏ, ਪਰ ! ਸੀ ਨਹੀਂ ਕੀਤਾ ਅਤੇ ਈਨ ਨਹੀਂ ਮੰਨੀ, ਉਹ ਵਿਰਾ-ਸਤ ਅੱਜੇ ਕਾਇਮ ਹੈ। ਸ਼ਹਾਦਤਾ ਵਾਲਾ ਜਿਨਾ ਦਾ ਇਤਿਹਾਸ ਕਾਇਮ ਹੈ, ਉਨ੍ਹਾਂ ਨੂੰ ਪੱਕਾ ਯਕੀਨ ਹੈ, 'ਕਿ ਅਸੀਂ ਜਿਤਾਂਗੀਆਂ ! ਹਾਕਮਾਂ ਨੂੰ ਹਾਰ ਮੰਨਣੀ ਪੈਣੀ ਹੈ, ਇਸ ਲਈ ਭਾਰਤ ਹੀ ਨਹੀਂ, ਸਾਰੇ ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਜਿੱਤ ਸੱਚ ਦੀ ਹੁੰਦੀ ਹੈ !! ਹਾਰ ਸਦਾ ਤਾਨਾਸ਼ਾਹਾਂ ਦੀ ਹੁੰਦੀ ਹੈ !!!

ਦੇਸ਼ ਅੰਦਰ ਬਸਤੀਵਾਦ ਵਿਰੁਧ ਮੁਕਤੀ ਅੰਦੋਲਨ ਤੋਂ ਲੈਕੇ ਆਜਾਦੀ ਬਾਅਦ ਸਮਾਜਕ ਤਬਦੀਲੀ ਲਈ ਚਲ ਰਹੇ ਸਾਰੇ ਅੰਦੋਲਲਾਂ ਅੰਦਰ, ਇਸਤਰੀ-ਵਰਗ ਨੇ ਸਮਰੱਥਾ ਅਨੁਸਾਰ ਯੋਗਦਾਨ ਪਾਇਆ ਹੈ ਤੇ ਹਿੱਸਾ ਲੈ ਰਹੀ ਹੈ। ਪਰ ! ਅੱਜੇ ਵੀ ਦੇਸ਼ ਦੀ ਰਾਜਸਤਾ ਦੇ ਸਮਾਜਕ, ਆਰਥਿਕ ਅਤੇ ਸਭਿਆਚਾਰ ਦੀਆਂ ਵਲਗਣਾਂ ਅੰਦਰ ਇਸਤਰੀ ਪ੍ਰਤੀ ਮਾਨਸਿਕਤਾ ਅਤੇ ਪੈਤ੍ਰਿਕ ਸੋਚ ਵਾਲੀ ਗੁਲਾਮੀ ਨੂੰ ਚੱਕਨਾ-ਚੂਰ ਕਰਨ ਲਈ ਹੋਰ ਸਮਾਂ ਲੱਗੇਗਾ ? ਚੇਤਨਾ, ਜੱਥੇਬੰਦਕ ਸੋਚ ਅਤੇ ਸੰਘਰਸ਼ ਹੀ ਇਸਤਰੀ ਦੀ ਬੰਦ-ਖਲਾਸੀ ਦਾ ਅਗਲਾ ਨਵਾਂ ਪੰਧ ਹੋਵੇਗਾ !

## ਆਮ ਆਦਮੀ ਪਾਰਟੀ ਨੇ ਖੇਤੀਬਾੜੀ ਬਿੱਲਾਂ ਬਾਰੇ ਕਮੇਟੀ ਦੀ ਰਿਪੋਰਟ ਦੇ ਹਿੱਸੇ ਲੁਕਾ ਕੇ ਝੂਠ ਪੇਸ਼ ਕੀਤੈ: ਕੈਪਟਨ ਅਮਰਿੰਦਰ

ਚੰਡੀਗੜ੍ਹ, 25 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਉਨ੍ਹਾਂ ਦੇ ਖ਼ਿਲਾਫ਼ ਲਾਏ ਗਏ ਬੇਬੁਨਿਆਦ ਦੋਸ਼ਾਂ ਦੀ ਹਮਾਇਤ ਵਿੱਚ ਸਾਂਝੇ ਕੀਤੇ ਗੈਰ-ਸਬੂਤ ਉਨ੍ਹਾਂ ਦੀ ਨਿਰਾਸ਼ਾ ਨੂੰ ਦਰਸਾਉਂਦੇ ਹਨ ਅਤੇ ਇਸ ਦੇ ਨਾਲ ਰਾਜਨੀਤੀ ਤੋਂ ਪ੍ਰੇਰਿਤ ਏਜੰਡੇ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਵੱਲੋਂ ਬੋਲੇ ਜਾ ਰਹੇ ਝੂਠਾਂ ਦਾ ਵੀ ਪਰਦਾ ਫਾਸ਼ ਹੋ ਗਿਆ।

ਇਸ ਸੰਬੰਧ ਵਿੱਚ ਕੈਪਟਨ ਅਮਰਿੰ-ਦਰ ਸਿੰਘ ਨੇ ਕਿਹਾ ਕਿ ਮੇਰੇ ਬਿਆਨ ਦੀ ਅੰਤ੍ਰਿਮ ਕਮੇਟੀ ਮੈਂਬਰਾਂ ਦੀ ਲਿਸਟ ਜਾਰੀ ਕਰਨ ਬਾਰੇ ਆਡਿਟ ਕੀਤੀ ਵੀਡੀਓ ਦਾ ਚੋਣਵਾਂ ਹਿੱਸਾ ਸਾਂਝਾ ਕਰਕੇ ਆਮ ਆਦਮੀ ਾਪਰਟੀ ਦੇ ਬੁਲਾਰੇ ਨੇ ਆਪਣੀ ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਕੋਲ ਬੋਲੇ ਜਾਂਦੇ ਝੂਠ ਦੀ ਲੜੀ ਵਿੱਚ ਇੱਕ ਹੋਰ ਦਾ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈਆਂ ਸਿੱਧ ਕਰਦੀਆਂ ਹਨ ਕਿ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿੱਚ ਆਪਣੇ ਰਾਜਸੀ ਏਜੰਡੇ ਨੂੰ ਵਧਾਉਣ ਦੀ ਬੇਚੈਨੀ ਨੇ ਜ਼ੋਰ ਫੜ ਲਿਆ ਹੈ ਜਿੱਥੇ ਉਨ੍ਹਾਂ ਨੂੰ ਵੋਟਰਾਂ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਅਤੇ ਉਸ ਤੋਂ ਬਾਅਦ ਹੋਈਆਂ ਸਾਰੀਆਂ ਚੋਣਾਂ ਵਿੱਚ ਗੈਰ-ਸਨਮਾਨ ਯੋਗ ਤਰੀਕੇ ਨਾਲ ਰੱਦ ਕਰ ਦਿੱਤਾ ਸੀ। ਮੁੱਖ ਮੰਤਰੀ ਨੇ ਕਿਹਾ, ‘‘ਜੇ ਉਹ ਸੋਚਦੇ ਹਨ ਕਿ ਉਹ ਛੇੜਛਾੜ ਕਰਕੇ ਬਣਾਈ ਵੀਡੀਓ ਨਾਲ ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾ ਲੈਣਗੇ ਤਾਂ ਉਹ ਪੰਜਾਬ ਬਾਰੇ ਉਸ ਤੋਂ ਵੱਧ ਅਣਜਾਣ ਹਨ, ਜਿੰਨਾ ਮੈਂ ਸੋਚਦਾ ਸੀ।’’ ਉਨ੍ਹਾਂ ਕਿਹਾ ਕਿ ਅਸਲ ਵਿੱਚ ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਪੈਰ ਜਮਾਉਣ ਲਈ ਅਜਿਹੀਆਂ ਹੋਛੀਆਂ ਚਾਲਾਂ ਚੱਲਣ ਦੀ ਇਸ ਲਈ ਲੋੜ ਪੈਂਦੀ ਹੈ ਕਿਉਂਕਿ ਉਨ੍ਹਾਂ ਕੋਲ ਪੰਜਾਬ ਲਈ ਠੋਸ ਏਜੰਡਾ ਹੀ ਨਹੀਂ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਦੇ ਬੁਲਾਰੇ ਨੂੰ ਸਵਾਲ ਕੀਤਾ ਕਿ ਉਹ 7 ਅਗਸਤ 2019 ਦੀ ਉਚ ਤਾਕਤੀ ਕਮੇਟੀ ਦੇ ਮੈਂਬਰਾਂ ਦੀ ਅੰਤਿਮ ਸੂਚੀ ਸਾਂਝੀ ਕਰਕੇ ਕੀ ਸਿੱਧ ਕਰਨਾ ਚਾਹੁੰਦੇ



ਹਨ, ਜਦੋਂ ਅਸਲੀ ਕਮੇਟੀ (ਪੰਜਾਬ ਨੂੰ ਛੱਡ ਕੇ) 15 ਜੂਨ 2019 ਨੂੰ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਇਸ ਪਾਰਟੀ ਦੇ ਬੁਲਾਰੇ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਵਿੱਚ ਇਹ ਤਰੀਕਾਂ ਸਪੱਸ਼ਟ ਹੁੰਦੀਆਂ ਹਨ। ਮੁੱਖ ਮੰਤਰੀ ਨੇ ਕਿਹਾ, ‘‘ਤੁਸੀਂ ਇਸ ਫਰਕ ਨੂੰ ਬਿਲਕੁਲ ਨਹੀਂ ਸਮਝ ਸਕਦੇ ਕਿ ਪੰਜਾਬ ਸ਼ੁਰੂ ਵਿੱਚ ਕਮੇਟੀ ਵਿੱਚ ਸ਼ਾਮਲ ਨਹੀਂ ਸੀ ਤੇ ਮੇਰੇ ਵੱਲੋਂ ਨਿੱਜੀ ਤੌਰ ’ਤੇ ਕੇਂਦਰ ਨੂੰ ਇਸ ਮੁੱਦੇ ਬਾਰੇ ਲਿਖਣ ਪਿੱਛੋਂ ਕਮੇਟੀ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਸੀ।’’ ਉਨ੍ਹਾ ਪੁੱਛਿਆ, ‘‘ਅੰਤਿਮ ਸੂਚੀ, ਜਿਸ ਵਿੱਚ ਪੰਜਾਬ ਨੂੰ ਮੇਰੇ ਦਖਲ ਤੋਂ ਬਾਅਦ ਸ਼ਾਮਲ ਕੀਤਾ ਗਿਆ ਸੀ, ਦਾ ਦਿਖਾਵਾ ਕਰਨ ਤੋਂ ਬਾਅਦ ਮੈਂ ਗਲਤ ਸਾਬਤ ਕਿਵੇਂ ਹੋ ਗਿਆ।’’ ਉਨ੍ਹਾਂ ਕਿਹਾ ਕਿ ਉਨ੍ਹਾਂ ਕਦੇ ਇਹ ਦਾਅਵਾ ਨਹੀਂ ਕੀਤਾ ਕਿ ਪੰਜਾਬ ਪੁਨਰ ਗਠਿਤ ਕਮੇਟੀ ਵਿੱਚ ਸ਼ਾਮਲ ਨਹੀਂ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, ‘‘ਜੇ ਆਮ ਆਦਮੀ ਪਾਰਟੀ ਨੇ ਮੇਰੇ ਬਿਆਨਾਂ ਦੀਆਂ ਮੁਕੰਮਲ ਵੀਡੀਓਜ਼ ਸਾਂਝੀਆਂ ਕੀਤੀਆਂ ਹੁੰਦੀਆਂ ਤਾਂ ਜੋ ਮੈਂ ਕਹਿ ਰਿਹਾ ਹਾਂ, ਉਸ ਦਾ ਸੱਚ ਸਾਬਤ ਹੋ ਜਾਣਾ ਸੀ, ਇਸ ਤੋਂ ਜ਼ਾਹਰ ਹੈ ਕਿ ਉਨ੍ਹਾਂ ਨੇ ਬਹੁਤ ਸੋਚ ਕੇ ਮੇਰੇ ਬਿਆਨਾਂ ਨੂੰ ਤੋੜ ਕੇ ਪੇਸ਼ ਕੀਤਾ ਹੈ।’’ ਉਨ੍ਹਾਂ ਕਿਹਾ ਕਿ ਜਦੋਂ ਕਮੇਟੀ ਦੀ ਪਹਿਲੀ ਮੀਟਿੰਗ ਹੋਈ ਸੀ, ਪੰਜਾਬ ਇਸ ਦਾ ਹਿੱਸਾ ਨਹੀਂ ਸੀ ਅਤੇ ਪੰਜਾਬ ਨੂੰ ਸ਼ਾਮਲ ਕੀਤੇ ਜਾਣ ਤੋਂ ਬਾਅਦ ਇੱਕ ਮੀਟਿੰਗ ਹੋਈ ਜਿਸ ਵਿੱਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਹਾਜ਼ਰੀ ਵਿੱਚ ਵਿੱਤੀ ਮੁੱਦੇ ਵਿਚਾਰੇ ਗਏ ਸਨ ਜਦੋਂ ਕਿ ਅਖ਼ੀਰ ਵਿੱਚ ਸਿਰਫ਼ ਖੇਤੀਬਾੜੀ ਸੈਕਟਰੀ ਨੂੰ ਸੱਦਿਆ ਗਿਆ ਸੀ। ਉਨ੍ਹਾਂ ਕਿਹਾ, ‘‘ਇਹ ਸਭ ਰਿਕਾਰਡ ਵਿੱਚ ਹੈ, ਆਮ ਆਦਮੀ ਪਾਰਟੀ ਇਸ ਦਾ ਪਤਾ ਲਾਉਣ ਵਿੱਚ ਵਿਸ਼ਵਾਸ ਨਹੀਂ ਰੱਖਦੀ। ਉਨ੍ਹਾਂ ਕਿਹਾ, ਆਪ ਪਾਰਟੀ ਦਾ ਬੁਲਾਰਾ ਆਪਣੀ ਪੰਜਾਬ ਮਾਮਲਿਆਂ ਦੇ ਇੰਚਾਰਜ ਵਜੋਂ ਨਵ-ਨਿਯੁਕਤੀ ਨੂੰ ਸਿੱਧ ਕਰਨ ਦੇ ਜੋਸ਼ ਵਿੱਚ ਪੂਰੀ ਪੜਤਾਲ ਕਰਨ ਤੋਂ ਅਸਫਲ ਰਿਹਾ ਜਾਂ ਸ਼ਾਇਦ ਉਹ ਮਹਿਜ਼ ਆਪਣੇ ਆਕਾ ਕੇਜਰੀਵਾਲ ਦੇ ਦਿਖਾਏ ਕਦਮਾਂ ’ਤੇ ਚੱਲ ਰਿਹਾ ਹੈ।

## ਪੁਲਸ ਪਾਰਟੀ ’ਤੇ ਹਮਲੇ ਦੇ ਦੋਸ਼ ਵਿੱਚ ਔਰਤ ਸਣੇ ਪੰਜ ਜਣੇ ਨਾਮਜ਼ਦ

ਲੁਧਿਆਣਾ, 25 ਜਨਵਰੀ (ਪੋਸਟ ਬਿਊਰੋ)- ਕਤਲ ਦੀ ਕੋਸ਼ਿਸ਼ ਦੇ ਕੇਸ ਦੀ ਜਾਂਚ ਲਈ ਸੰਮਨ ਨੋਟ ਕਰਵਾਉਣ ਗਈ ਪੁਲਸ ਪਾਰਟੀ ਉਤੇ ਹਮਲਾ ਕੀਤਾ ਗਿਆ ਅਤੇ ਰਸਤੇ ਵਿੱਚ ਘੇਰ ਕੇ ਮੁਲਜ਼ਮਾਂ ਨੇ ਪੁਲਸ ਨਾਲ ਧੱਕਾ ਮੁੱਕੀ ਕਰਦਿਆਂ ਸਰਕਾਰੀ ਡਿਊਟੀ ਵਿੱਚ ਵਿਘਨ ਪਾਇਆ ਹੈ। ਇਸ ਬਾਰੇ ਵਿੱਚ ਥਾਣਾ ਮੋਤੀ ਨਗਰ ਪੁਲਸ ਨੇ ਬਸਤੀ ਜੋਧੇਵਾਲ ਦੀ ਗਲੀ ਨੰਬਰ ਛੇ ਦੀ ਵਸਨੀਕ ਇੰਦੂਬਾਲਾ, ਉਸ ਦੇ ਪਿਤਾ ਕਿਸ਼ਨ ਲਾਲ, ਭਰਾ ਮਨੋਜ ਕੁਮਾਰ ਤੇ ਦੋ ਅਣਪਛਾਤੇ ਵਿਅਕਤੀਆਂ ਦੇ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ।

ਇਸ ਬਾਰੇ ਏ ਐਸ ਆਈ ਧਰਮ ਸਿੰਘ ਨੇ ਦੱਸਿਆ ਕਿ ਇਹ ਕੇਸ ਏ ਐਸ ਆਈ ਹਰਨੇਕ ਸਿੰਘ ਦੀ ਸ਼ਿਕਾਇਤ ’ਤੇ ਦਰਜ ਕੀਤਾ ਗਿਆ ਹੈ। ਮਾਰਚ 2019 ਵਿੱਚ ਈਸ਼ਰ ਨਗਰ ਦੇ ਸੁਸ਼ੀਲ ਕੁਮਾਰ ਦੀ ਸ਼ਿਕਾਇਤ ’ਤੇ ਇੰਦੂ ਬਾਲਾ ਅਤੇ ਰਿਸ਼ਭ ਬੈਨੀਪਾਲ ਦੇ ਖਿਲਾਫ ਧੋਖਾਦੇਹੀ, ਇਰਾਦਾ ਕਤਲ ਅਤੇ ਹੋਰ ਧਾਰਾਵਾਂਹੇਠਾ ਪੁਲਸ ਡਵੀਜ਼ਨ ਨੰਬਰ 6 ਨੇ ਮੁਕੱਦਮਾ ਦਰਜ ਕੀਤਾ ਸੀ। ਦੋਵਾਂ ਮੁਲਜ਼ਮਾਂ ਨੇ ਸੈਸ਼ਨ ਕੋਰਟ ਤੋਂ ਅੰਤ੍ਰਿਮ ਜ਼ਮਾਨਤ ਲੈ ਰੱਖੀ ਹੈ। ਸੁਸ਼ੀਲ ਦੀ ਸ਼ਿਕਾਇਤ ’ਤੇ ਪੁਲਸ ਕਮਿਸ਼ਨਰ ਰਾਕੇਸ਼ ਅਗਰਵਾਲ ਨੇ ਕੇਸ ਦੀ ਪੜਤਾਲ ਥਾਣਾ ਡੇਹਲੋਂ ਦੇ ਇੰਚਾਰਜ ਸੁਖਦੇਵ ਸਿੰਘ ਬਰਾੜ ਨੂੰ ਦਿੱਤੀ। ਥਾਣਾ ਡੇਹਲੋਂ ਦੇ ਮੁਖੀ ਸੁਖਦੇਵ ਸਿੰਘ ਅਤੇ ਏ ਐਸ ਆਈ ਹਰਬੰਸ ਸਿੰਘ, ਸਿਪਾਹੀ ਹਰਪ੍ਰੀਤ ਸਿੰਘ ਨਾਲ ਮੁਲਜ਼ਮਾਂ ਨੂੰ ਜਾਂਚਵਿੱਚ ਸ਼ਾਮਲ ਹੋਣ ਲਈ ਪ੍ਰਵਾਨਾ ਨੋਟ ਕਰਾਉਣ ਗਏ ਤਾਂ ਉਥੋਂ ਨਿਕਲਣ ਉਤੇ ਮੁਲਜ਼ਮਾਂ ਨੇ ਪੁਲਸ ਦਾ ਪਿੱਛਾ ਸ਼ੁਰੂ ਕਰ ਦਿੱਤਾ ਅਤੇ ਚੀਮਾ ਚੌਕ ਵਿੱਚ ਪੁਲਸ ਨੂੰ ਘੇਰ ਕੇ ਉਨ੍ਹਾਂ ਨਾਲ ਧੱਕਾ-ਮੁੱਕੀ ਕੀਤੀ ਤੇ ਡਿਊਟੀ ਵਿੱਚ ਵਿਘਨ ਪਾਇਆ ਹੈ। ਹਰਨੇਕ ਸਿੰਘ ਨੇ ਦੱਸਿਆ ਕਿ ਕੁਝ ਸਮਾਂ ਪਹਿਲੋਂ ਮੁਲਜ਼ਮਾਂ ਨੇ ਆਪਣੇ ਸਾਥੀਆਂ ਦੀ ਮਦਦ ਨਾਲ ਸੁਸ਼ੀਲ ਕੁਮਾਰ ਉਪਰ ਗੋਲੀਆਂ ਚਲਾਈਆਂ ਸਨ। ਉਸ ਹਮਲੇ ਵਿੱਚ ਵੀ ਸੁਸ਼ੀਲ ਕੁਮਾਰ ਮੁਸ਼ਕਲ ਨਾਲ ਬਚਿਆ ਸੀ। ਉਸ ਮਾਮਲੇ ਵਿੱਚ ਥਾਣਾ ਡੇਹਲੋਂ ਦੀ ਪੁਲਸ ਨੇ ਕਰਨਵੀਰ ਵਾਲੀਆ ਤੇ ਉਸ ਦੇ ਸੱਤ ਅਣਪਛਾਤੇ ਸਾਥੀਆਂ ਵਿਰੁੱਧ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਸੀ। ਪੁਲਸ ਮੁਤਾਬਕ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।

### ਐਨ ਆਈ ਏ ਵੱਲੋਂ ਟਕਸਾਲ ਨਾਲ ਜੁੜੇ ਰਣਜੀਤ ਸਿੰਘ ਤੋਂ 8 ਘੰਟੇ ਤੋਂ ਵੱਧ ਸਮਾਂ ਪੁੱਛਗਿੱਛ

ਅੰਮ੍ਰਿਤਸਰ, 25 ਜਨਵਰੀ (ਪੋਸਟ ਬਿਊਰੋ)- ਕਿਸਾਨ ਸੰਘਰਸ਼ ਵਿੱਚ ਸਰਗਰਮ ਸਿੱਖ ਪ੍ਰਚਾਰਕ ਰਣਜੀਤ ਸਿੰਘ ਤੋਂ ਐਨ ਆਈ ਏ (ਕੇਂਦਰੀ ਜਾਂਚ ਏਜੰਸੀ) ਨੇ ਸਵੇਰੇ 11 ਤੋਂ ਸ਼ਾਮ 7.30 ਵਜੇ ਤੱਕ ਸਾਢੇ ਅੱਠ ਘੰਟੇ ਪੁੱਛਗਿੱਛ ਕੀਤੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਣਜੀਤ ਸਿੰਘ ਨੇ ਖੁਦ ਪ੍ਰੈਸ ਕੋਲ ਕੀਤਾ ਹੈ।

ਸਿੱਖ ਪ੍ਰਚਾਰਕ ਰਣਜੀਤ ਸਿੰਘ ਨੇ ਦਸਿਆ ਕਿ ਐਨ ਆਈ ਏ ਦੇ ਅਧਿਕਾਰੀਆਂ ਨੇ ਵਿਦੇਸ਼ਾਂ ਤੋਂ ਆਉਂਦੇ ਫੋਨਾਂ ਦੇ ਬਾਰੇ ਪੁੱਛਿਆ ਕਿ ਕਿਸ ਦੇ ਨਾਲ ਕੀ ਸਬੰਧ ਹਨ ਅਤੇ ਸੰਪਰਕ ਵਿੱਚ ਕਿੰਦਾਂ ਆਏ ਆਦਿ ਸਵਾਲ ਕੀਤੇ ਅਤੇ ਫੋਨ ਦੀ ਪੰਜ ਘੰਟੇ ਛਾਣਬੀਣ ਕੀਤੀ ਤੇ ਉਸ ਵਿੱਚੋਂ ਨੰਬਰ ਅਤੇ ਡੈਟਾ ਕਾਪੀ ਕੀਤਾ। ਫੈਡਰੇਸ਼ਨ ਵੱਲੋਂ ਜੋ ਗੁਰਮਤਿ ਸਮਾਗਮ, ਸ਼ਹਾਦਤ ਸਮਾਗਮ, ਅੰਮ੍ਰਿਤ ਸੰਚਾਰ, ਪੱਗੜੀ ਅਤੇ ਗਤਕਾ ਪ੍ਰਦਰਸ਼ਨ ਕੈਂਪ, ਮਾਰਚ ਪ੍ਰਦਰਸ਼ਨ, ਧਰਨੇ, ਸੈਮੀਨਾਰ, ਲੋੜਵੰਦਾਂ ਅਤੇ ਸ਼ਹੀਦਾਂ ਦੇ ਪਰਵਾਰਾਂ ਦੀ ਮਦਦ, ਕਿਤਾਬਾਂ ਲਿਖਣ ਅਤੇ ਛਾਪਣ ਅਤੇ ਨਿਸ਼ਕਾਮ ਸਾਹਿਤ ਵੰਡਣ ਤੇ ਪੰਥ ਅਤੇ ਪੰਜਾਬ ਦੀ ਆਜ਼ਾਦੀ ਲਈ ਜੋ ਕੰਮ ਕੀਤੇ ਜਾਂਦੇ ਹਨ, ਉਨ੍ਹਾਂ ਲਈ ਪੈਸਾ ਕਿੱਥੋਂ ਆਉਣ ਅਤੇ ਕਿੰਨਾ ਖਰਚ ਕੀਤਾ ਆਦਿ ਬਾਰੇ ਸਵਾਲ ਪੁੱਛੇ। ਫੈਡਰੇਸ਼ਨ ਨੇਤਾ ਨੇ ਦੱਸਿਆ ਕਿ ਮੇਰੇ ਪਰਵਾਰ ਤੇ ਜਥੇਬੰਦੀ ਦੇ ਮੈਂਬਰਾਂ ਦੀ ਜਾਣਕਾਰੀ ਬਾਰੇ ਵੀ ਉਨ੍ਹਾਂ ਨੇ ਲਿਖਿਆ ਅਤੇ ਗੱਲਬਾਤ ਰਿਕ-ਾਰਡ ਕੀਤੀ, ਮੇਰਾ ਆਧਾਰ ਕਾਰਡ, ਪੈਨ ਕਾਰਡ, ਲਾਈਸੈਂਸ ਅਤੇ ਬੈਂਕ ਖਾਤਾ ਵੀ ਲਿਆ। ਅੱਜ ਤੱਕ ਮੈਂ ਕੋਈ ਵੀ ਗੈਰ-ਕਾਨੂੰਨੀ ਅਤੇ ਹਿੰਸਕ ਸਰਗਰਮੀ ਨਹੀਂ ਕੀਤੀ।

### ਪਰਵਾਰ ਨੂੰ ਬੰਦੀ ਬਣਾ ਕੇ ਲੱਖਾਂ ਰੁਪਏ ਲੁੱਟਣ ਦੀ ਗੁੱਥੀ ਸੁਲਝੀ

ਅੰਮ੍ਰਿਤਸਰ, 25 ਜਨਵਰੀ (ਪੋਸਟ ਬਿਊਰੋ)- ਪੁਤਲੀਘਰ ਦੇ ਗੁਰੂ ਅਰਜਨ ਦੇਵ ਨਗਰ ’ਚ ਇੱਕ ਪਰਵਾਰ ਨੂੰ ਬੰਦੀ ਬਣਾ ਕੇ ਉਨ੍ਹਾਂ ਤੋਂ ਹੋਈ ਲੱਖਾਂ ਦੀ ਲੁੱਟ ਦੀ ਗੁੱਥੀ ਪੁਲਸ ਨੇ ਸੁਲਝਾ ਲਈ ਹੈ ਅਤੇ ਇਸ ਵਿੱਚ ਲੁੱਟ ਖੋਹ ਕਰਨ ਵਾਲਿਆਂ ’ਚ ਕੋਈ ਹੋਰ ਨਹੀਂ, ਡਾ. ਸ਼ਿਵਾਂਗੀ ਨੂੰ ਬੰਦੀ ਬਣਾ ਕੇ ਲੁੱਟ ਖੋਹ ਕਰਨ ਵਾਲੇ ਹੀ ਨਿਕਲੇ ਹਨ।

ਏ ਸੀ ਪੀ ਪੱਛਮੀ ਦੇਵ ਦੱਤ ਸ਼ਰਮਾ ਨੇ ਇੱਥੇ ਪ੍ਰੈਸ ਕਾਨਫੰਰਸ ’ਚ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀ ਨੂੰ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ’ਤੇ ਲਿਆ ਕੇ ਗ੍ਰਿਫ਼ਤਾਰ ਕੀਤਾ, ਜਿਸ ਦੀ ਪਛਾਣ ਸ਼ੰਮੀ ਉਰਫ਼ ਅਮਨ ਉਰਫ਼ ਕਾਲਾ ਵਾਸੀ ਗਲੀ ਤੇਜਾ ਸਿੰਘ ਮੌਜੂਦਾ ਵਾਸੀ ਰਾਮਨਗਰ ਕਲੋਨੀ ਇਸਲਾਮਾਬਾਦ ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਪ੍ਰੋਡਕਸ਼ਨ ਵਾਰੰਟ ਉੱਤੇ ਲਿਆਂਦੇ ਦੋਸ਼ੀ ਨੇ ਮੰਨਿਆਂ ਕਿ 6 ਨਵੰਬਰ ਨੂੰ ਉਸ ਨੇ ਆਪਣੇ ਇੱਕ ਸਾਥੀ ਦਿਲਦਾਰ ਸਿੰਘ ਵਾਸੀ ਕ੍ਰਿਸ਼ਨਾ ਨਗਰ 22 ਨੰਬਰ ਫਾਟਕ, ਵਿਕਰਮਜੀਤ ਸਿੰਘ ਉਰਫ ਟੀ ਟੀ ਵਾਸੀ ਇੰਦਰਾ ਕਲੋਨੀ ਬਟਾਲਾ ਰੋਡ, ਸ਼ੇਰਾ ਵਾਸੀ ਬਾਜ਼ਾਰ ਬੋਰੀਆਂ ਤੇ ਇੱਕ ਹੋਰ ਵਿਅਕਤੀ ਨਾਲ ਰਲ ਕੇ ਇੱਥੇ ਇੱਕ ਪਰਵਾਰ ਨੂੰ ਬੰਦੀ ਬਣਾ ਕੇ 8 ਲੱਖ 50 ਹਜ਼ਾਰ ਨਕਦੀ ਤੇ ਸੋਨੇ ਦੇ ਗਹਿਣੇ ਲੁੱਟੇ ਸਨ। ਦੇਵ ਦੱਤ ਨੇ ਦੱਸਿਆ ਕਿ ਇਨ੍ਹਾਂ ’ਚੋਂ ਦਿਲਦਾਰ ਸਿੰਘ ਤੇ ਵਿਕਰਮਜੀਤ ਸਿੰਘ ਦਾ ਨਾਮ ਡਾ. ਸ਼ਿਵਾਂਗੀ ਵਾਲੀ ਵਾਰਦਾਤ ’ਚ ਵੀ ਸ਼ਾਮਲ ਹੈ। ਇਲ ਮੌਕੇ ਥਾਣਾ ਛਾਉਣੀ ਦੇ ਮੁਖੀ ਇੰਸ. ਜਸਪਾਲ ਸਿੰਘ ਵੀ ਹਾਜ਼ਰ ਸਨ।

**ਨੌਜਵਾਨ ਵੱਲੋਂ ਦੋਸ਼:**

## ਏ ਐਸ ਆਈ ਨੇ ਸਰੀਆ ਗਰਮ ਕਰ ਕੇ ਪਿੱਠ ਉਤੇ ਥਾਣਾ-6 ਲਿਖ ਦਿੱਤੈ

ਜਲੰਧਰ, 25 ਜਨਵਰੀ (ਪੋਸਟ ਬਿਊਰੋ)- ਗੌਰਮਿੰਟ ਰੇਲਵੇ ਪੁਲੀਸ (ਜੀ ਆਰ ਪੀ) ਵੱਲੋਂ ਨਸ਼ਾ ਤਸਕਰੀ ਦੇ ਕੇਸ ਵਿੱਚ ਗ੍ਰਿਫਤਾਰ 29 ਸਾਲਾ ਨੌਜਵਾਨ ਨੇ ਜ਼ਮਾਨਤ ’ਤੇ ਆਉਣ ਪਿੱਛੋਂ ਥਾਣਾ ਛੇ ਦੀ ਪੁਲਸ ’ਤੇ ਸਰੀਆ ਗਰਮ ਕਰ ਕੇ ਥਾਣਾ 6 ਲਿਖਣ ਦਾ ਦੋਸ਼ ਲਾਇਆ ਹੈ। ਆਬਾਦਪੁਰ ਦੇ ਵਾਸੀ ਸੂਰਜ ਪ੍ਰਕਾਸ਼ ਨੇ ਕਿਹਾ ਕਿ ਥਾਣਾ-6 ਦੇ ਏ ਐਸ ਆਈ ਕਸ਼ਮੀਰਾ ਸਿੰਘ ਨੇ ਪਹਿਲਾਂ ਉਸ ਨੂੰ ਘਰੋਂ ਚੁੱਕਿਆ ਅਤੇ ਫਿਰ ਥਾਣੇ ਲਿਜਾ ਕੇ ਉਥੇ ਉਸ ਦੇ ਨਾਲ ਜ਼ੁਲਮ ਕੀਤਾ।

ਏ ਸੀ ਪੀ ਮਾਡਲ ਟਾਊਨ ਹਰਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਏ ਐਸ ਆਈ ’ਤੇ ਲਗਾਏ ਗਏ ਦੋਸ਼ ਝੂਠੇ ਹਨ ਅਤੇ ਸੂਰਜ ਪ੍ਰਕਾਸ਼ ਉਤੇ ਥਾਣਾ-ਛੇ ਵਿੱਚ ਲੁੱਟ ਅਤੇ ਸਨੈਚਿੰਗ ਦੇ ਕਈ ਕੇਸ ਦਰਜ ਹਨ। ਤਿੰਨ ਜਨਵਰੀ ਨੂੰ ਏ ਐਸ ਆਈ ਕਸ਼ਮੀਰਾ ਸਿੰਘ ਪੁਲਸ ਪਾਰਟੀ ਸਮੇਤ ਉਸ ਦੇ ਘਰ ਗਏ ਸਨ ਤਾਂ ਕਿ ਪਤਾ ਲੱਗ ਸਕੇ ਕਿ ਉਹ ਕੋਈ ਗਲਤ ਕੰਮ ਤਾਂ ਨਹੀਂ ਕਰਦਾ। ਜਦ ਪੁਲਸ ਓਥੇ ਪਹੁੰਚੀ ਤਾਂ ਸੂਰਜ ਪ੍ਰਕਾਸ਼ ਦੇ ਪਰਵਾਰ ਨੇ ਹੰਗਾਮਾ ਕੀਤਾ ਤੇ ਕਿਹਾ ਕਿ ਬੇਟਾ ਦੋ ਦਿਨ ਤੋਂ ਘਰ ਨਹੀਂ ਆਇਆ। ਉਸ ਨੂੰ ਥਾਣਾ ਛੇ ਦੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਉਸੇ ਰਾਤ ਨੌਜਵਾਨ ਦੇ ਪਰਵਾਰ ਨੇ ਥਾਣੇ ਦੇ ਬਾਹਰ ਹੰਗਾਮਾ ਕੀਤਾ। ਜਾਂਚ ਵਿੱਚ ਪਤਾ ਲੱਗਾ ਹੈ ਕਿ ਦੋਸ਼ੀ ਨੂੰ ਜੀ ਆਰ ਪੀ ਨੇ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ ਸੀ। ਉਥੋਂ ਜ਼ਮਾਨਤ ਮਿਲਣ ਦੇ ਬਾਅਦ ਉਹ ਬਾਹਰ ਆਇਆ ਤਾਂ ਏ ਐਸ ਆਈ ’ਤੇ ਇਹ ਦੋਸ਼ ਲਗਾਏ। ਏ ਸੀ ਪੀ ਨੇ ਕਿਹਾ ਕਿ ਪੁਲਸ ਉਸ ਨੂੰ ਥਾਣੇ ਨਹੀਂ ਲੈ ਕੇ ਆਈ। ਸਾਰੇ ਦੋਸ਼ ਬੇਬੁਨਿਆਦ ਹਨ। ਫਿਰ ਵੀ ਪੁਲਸ ਆਪਣੇ ਤੌਰ ’ਤੇ ਜਾਂਚ ਕਰ ਰਹੀ ਹੈ। ਓਧਰ ਜੀ ਆਰ ਪੀ ਦੇ ਇੰਸਪੈਕਟਰ ਧਰਮਿੰਦਰ ਕਲਿਆਣ ਨੇ ਕਿਹਾ ਕਿ ਸੂਰਜ ਪ੍ਰਕਾਸ਼ ਨੂੰ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ। ਜਿਸ ਨੂੰ ਅਗਲੇ ਦਿਨ ਕੋਰਟ ਵਿੱਚ ਪੇਸ਼ ਕਰ ਕੇ ਜੇਲ੍ਹ ਭੇਜ ਦਿੱਤਾ ਸੀ।

## ਪੰਚਾਇਤ ਤੋਂ ਤੰਗ ਆ ਕੇ ਦੋ ਭਰਾਵਾਂ ਨੇ ਜ਼ਹਿਰੀਲੀ ਚੀਜ਼ ਖਾਧੀ, ਇੱਕ ਦੀ ਮੌਤ



ਹੁਸ਼ਿਆਰਪੁਰ, 25 ਜਨਵਰੀ (ਪੋਸਟ ਬਿਊਰੋ)- ਥਾਣਾ ਸਦਰ ਦੇ ਪਿੰਡ ਮੰਗੂਵਾਲ ਵਿਖੇ ਦੋ ਸੱਕੇ ਭਰਾਵਾਂ ਨੇ ਪੰਚਾਇਤ ਤੇ ਇੱਕ ਹੋਰ ਵਿਅਕਤੀ ਵੱਲੋਂ ਤੰਗ ਆ ਕੇ ਜ਼ਹਿਰੀਲੀ ਚੀਜ਼ ਨਿਗਲ ਲਈ। ਇੱਕ ਭਰਾ ਨੇ ਚੰਡੀਗੜ੍ਹ ਜਾਂਦਿਆਂ ਰਸਤੇ ਵਿੱਚ ਦਮ ਤੋੜ ਦਿੱਤਾ, ਦੂਜੇ ਦੀ ਹਾਲਤ ਗੰਭੀਰ ਹੈ। ਮ੍ਰਿਤਕ ਪਛਾਣ ਜਸਵਿੰਦਰ ਸਿੰਘ (28) ਵਜੋਂ ਹੋਈ ਹੈ।

ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਦਾਖਲ ਜਸਵੀਰ ਸਿੰਘ (26) ਪੁੱਤਰ ਕੇਵਲ ਸਿੰਘ ਨੇ ਦੱਸਿਆ ਕਿ ਬੀਤੀ 10 ਜਨਵਰੀ ਨੂੰ ਉਨ੍ਹਾਂ ਦੇ ਪਿੰਡ ਚੋਰੀ ਹੋ ਗਈ ਸੀ। ਜਿਸ ਘਰ ਚੋਰੀ ਹੋਈ ਸੀ, ਉਸ ਦਾ ਮਾਲਕ ਉਸ ’ਤੇ ਅਤੇ ਵੱਡੇ ਭਰਾ ਜਸਵਿੰ-ਦਰ ਸਿੰਘ ’ਤੇ ਸ਼ੱਕ ਕਰਨ ਲੱਗ ਪਿਆ। ਇਸ ਬਾਰੇਉਸ ਨੇ ਪਿੰਡ ਦੀ ਪੰਚਾਇਤ ਨੂੰ ਸ਼ਿਕਾਇਤ ਕਰ ਦਿੱਤੀ । ਪਿੰਡ ਦੀ ਪੰਚਾਇਤ ਤੇ ਪੁਲਸ ਨੇ ਵੀ ਉਨ੍ਹਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਕਤ ਵਿਅਕਤੀ ਉਨ੍ਹਾਂ ’ਤੇ ਚੋਰੀ ਦੀ ਵਾਰਦਾਤ ਮੰਨਣ ਲਈ ਦਬਾਅ ਪਾਉਣ ਲੱਗ ਪਏ। ਪੰਚ-ਾਇਤ ਨੇ ਉਨ੍ਹਾਂ ਨੂੰ ਕਈ ਵਾਰ ਬੁਲਾ ਕੇ ਜ਼ਲੀਲ ਕੀਤਾ, ਜਿਸ ਤੋਂ ਦੁਖੀ ਹੋ ਕੇ ਦੋਵਾਂ ਭਰਾਵਾਂ ਨੇ ਕੱਲ੍ਹ ਸ਼ਾਮੀਂਜ਼ਹਿਰੀਲੀ ਚੀਜ਼ ਨਿਗਲ ਲਈ। ਪਤਾ ਲੱਗਣ ’ਤੇ ਪਰਵਾਰਕ ਮੈਂਬਰ ਉਨ੍ਹਾਂ ਨੂੰ ਹਸਪਤਾਲ ਲੈ ਗਏ, ਜਿੱਥੋਂ ਡਾਕਟਰਾਂ ਨੇ ਉਨ੍ਹਾਂ ਨੂੰ ਪੀ ਜੀ ਆਈ ਰੈਫਰ ਕਰ ਦਿੱਤਾ। ਹਸਪਤਾਲ ਲਿਜਾਂਦੇ ਸਮੇਂ ਵੱਡੇ ਭਰਾ ਨੇ ਦਮ ਤੋੜ ਦਿੱਤਾ। ਜ਼ਿਕਰਯੋਗ ਹੈ ਕਿ ਜਸਵਿੰਦਰ ਸਿੰਘ ਮੁਬਾਰਕਪੁਰ ਵਿਖੇ ਨਿੱਜੀ ਕੰਪਨੀ ਵਿੱਚ ਕੰਮ ਕਰਦਾ ਸੀ। ਉਸ ਦਾ ਕੁਝ ਕੁ ਮਹੀਨੇ ਦਾ ਬੱਚਾ ਹੈ।ਇਸ ਬਾਰੇ ਡੀ ਐਸ ਪੀ ਜਗਦੀਸ਼ ਰਾਜ ਅੱਤਰੀ ਨੇ ਦੱਸਿਆ ਕਿ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਦੇ ਬਿਆਨਾਂ ’ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।ਪਿੰਡ ਦੀ ਸਰਪੰਚ ਕੁਸ਼ਲਾ ਦੇਵੀ ਦੇ ਪਤੀ ਉਗਦੀਤ ਸਿੰਘ ਨੇ ਦੱਸਿਆ ਕਿ ਦੋਵਾਂ ਭਰਾਵਾਂ ਵੱਲੋਂ ਜੋ ਵੀ ਦੋਸ਼ ਲਾਏ ਜਾ ਰਹੇ ਹਨ ਉਹ ਬੇਬੁਨਿਆਦ ਹਨ। ਉਨ੍ਹਾਂ ਨੂੰ ਚੋਰੀ ਸਬੰਧੀ ਸ਼ਿਕਾਇਤ ਮਿਲੀ ਸੀ, ਜਿਸ ਤੋਂ ਬਾਅਦ ਦੋਵਾਂ ਧਿਰਾਂ ਵਿੱਚ ਰਾਜ਼ੀਨਾਮੇ ਦੀ ਗੱਲ ਚੱਲ ਰਹੀ ਸੀ।

## ਅਪਾਹਜ ਬੱਚੀ ਨੂੰ ਬਲਾਤਕਾਰ ਦੀ ਨੀਤ ਨਾਲ ਲਿਜਾਣ ਵਾਲਾ ਕਾਬੂ

ਮਕਸੂਦਾਂ, 25 ਜਨਵਰੀ (ਪੋਸਟ ਬਿਊਰੋ)- ਬੀਤੀ ਰਾਤ ਥਾਣਾ ਅੱਠ ਹੇਠਲੀ ਗੁਲਮਰਗ ਕਾਲੋਨੀ ’ਚ ਓਦੋਂ ਸਨਸਨੀ ਫੈਲ ਗਈ, ਜਦ ਇੱਕ ਛੇ ਸਾਲਾਂ ਬੱਚੀ ਨੂੰ ਮੁਹੱਲੇ ’ਚ ਰਹਿਣ ਵਾਲਾ 24 ਸਾਲਾਂ ਨੌਜਵਾਨ ਵਰਗਲਾ ਕੇ ਬਲਾਤਕਾਰ ਦੀ ਨੀਤ ਨਾਲ ਅਗਵਾ ਕਰਕੇ ਲੈ ਗਿਆ। ਘਟਨਾ ਦੀ ਸੂਚਨਾ ਮਿਲਦੇ ਸਾਰ ਥਾਣਾ ਅੱਠ ਦੀ ਪੁਲਸ ਨੇ ਇਸ ਦੀ ਜਾਂਚ ਸ਼ੁਰੂ ਕੀਤੀ ਤੇ ਇੱਕ ਘੰਟੇ ਅੰਦਰ ਬੱਚੀ ਨੂੰ ਬਰਾਮਦ ਕਰਕੇ ਵਾਰਸਾਂ ਦੇ ਹਵਾਲੇ ਕੀਤਾ ਤੇ ਦੋਸ਼ੀ ਨੂੰ ਕਾਬੂ ਕਰ ਲਿਆ। ਦੋਸ਼ੀ ਦੀ ਪਛਾਣ ਹਨੀ ਉਰਫ ਰਾਹੁਲ ਪੁੱਤਰ ਹਰਪਾਲ ਸਿੰਘ ਵਾਸੀ ਭੋਗਪੁਰ ਮੌਜੂਦਾ ਵਾਸੀ ਗੁਲਮਰਗ ਕਾਲੋਨੀ ਵਜੋਂ ਹੋਈ ਹੈ।

ਇਸ ਬਾਰੇ ਥਾਣਾ ਅੱਠ ਦੇ ਮੁਖੀ ਕਮਲਜੀਤ ਸਿੰਘ ਨੇ ਦਸਿਆ ਕਿ ਪੀੜਤ ਲੜਕੀ ਦੀ ਮਾਂ ਨੇ ਪੁਲਸ ਨੂੰ ਬੀਤੀ ਰਾਤ ਸ਼ਿਕਾਇਤ ਦਿੱਤੀ ਸੀ ਕਿ ਉਸ ਦੀਆਂ ਚਾਰ ਲੜਕੀਆਂ ਤੇ ਇੱਕ ਲੜਕਾ ਹੈ। ਉਸ ਦਾ ਪਤੀ ਪਿੰਡ ’ਚ ਹੈ। ਉਹ ਇੱਕ ਫ਼ੈਕਟਰੀ ’ਚ ਕੰਮ ਕਰਦੀ ਹੈ ਤੇ ਉਸ ਦੀ ਬੱਚੀ ਘਰ ’ਚ ਸੀ। ਵਿਹੜੇ ’ਚ ਰਹਿਣ ਵਾਲੇ ਇੱਕ ਵਿਅਕਤੀ ਨੇ ਫ਼ੈਕਟਰੀ ’ਚ ਆ ਕੇ ਉਸ ਨੂੰ ਦੱਸਿਆ ਕਿ ਵਿਹੜੇ ਵਿੱਚ ਬਣੇ ਇੱਕ ਕਮਰੇ ’ਚ ਰਹਿੰਦਾ ਹਨੀ ਉਸ ਦੀ ਬੱਚੀ ਨੂੰ ਕੁਰਕੁਰੇ ਦਿਵਾਉਣ ਦੇ ਬਹਾਨੇ ਕਿਤੇ ਆਪਣੇ ਨਾਲ ਲੈ ਗਿਆ ਹੈ। ਉਹ ਕੰਮ ਤੋਂ ਆਈ ਤੇ ਆਪਣੇ ਜਵਾਈ ਨਾਲ ਬੱਚੀ ਦੀ ਭਾਲ ਸ਼ੁਰੂ ਕੀਤੀ ਪਰ ਬੱਚੀ ਨਹੀਂ ਮਿਲੀ। ਪੁਲਸ ਨੇ ਕੇਸ ਦਰਜ ਕੀਤਾ ਅਤੇ ਏ ਐਸ ਆਈ ਨਾਰਾਇਣ ਗ਼ੌਰ ਨੇ ਪੁਲਸ ਪਾਰਟੀ ਨਾਲ ਬੱਚੀ ਤੇ ਦੋਸ਼ੀ ਦੀ ਭਾਲ ਸ਼ੁਰੂ ਕੀਤੀ। ਬੱਚੀ ਘਰ ਨੇੜੇ ਝਾੜੀਆਂ ’ਚੋਂ ਰੋਂਦੀ ਹੋਈ ਮਿਲ ਗਈ ਤੇ ਦੋਸ਼ੀ ਨੂੰ ਪੁਲਸ ਨੇ ਸੁੰਦਰ ਨਗਰ ’ਚੋਂ ਕਾਬੂ ਕੀਤਾ। ਪੁਲਸ ਵੱਲੋਂ ਬੱਚੀ ਦਾ ਮੈਡੀਕਲ ਕਰਾਇਆ ਗਿਆ ਹੈ। ਦੋਸ਼ੀ ਵੱਲੋਂ ਬੱਚੀ ਨਾਲ ਬਲਾਤਕਾਰ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਬੱਚੀ ਦੇ ਜ਼ਿਆਦਾ ਰੋਣ-ਚਿਲਾਉਣ ਕਾਰਨ ਉਹ ਕਾਮਯਾਬ ਨਹੀਂ ਹੋ ਸਕਿਆ।

## ਪੰਜਾਬ ਦੀਆਂ ਸ਼ਹਿਰੀ ਚੋਣਾਂ ਭਾਜਪਾ ਆਪਣੇ ਚੋਣ ਨਿਸ਼ਾਨ ’ਤੇ ਲੜੇਗੀ ਤੇ ਜਿੱਤੇਗੀ: ਦੁਸ਼ਯੰਤ




ਚੰਡੀਗੜ੍ਹ, 25 ਜਨਵਰੀ (ਪੋਸਟ ਬਿਊਰੋ)- ਭਾਜਪਾ ਪੰਜਾਬ ਵਿੱਚ 14 ਫਰਵਰੀ ਨੂੰ ਹੋ ਰਹੀਆਂ ਨਿਗਮ ਚੋਣਾਂ ਲੜਨ ਲਈ ਤਿਆਰ ਹੈ ਅਤੇ ਆਪਣੇ ਚੋਣ ਨਿਸ਼ਾਨ ’ਤੇ ਚੋਣਾਂ ਲੜੇਗੀ ਅਤੇ ਜਿੱਤੇਗੀ। ਇਹ ਗੱਲ ਰਾਜ ਸਭਾ ਮੈਂਬਰ ਅਤੇ ਭਾਜਪਾ ਦੇ ਸੂਬਾ ਇੰਚਾਰਜ ਦੁਸ਼ਯੰਤ ਗੌਤਮ ਅਤੇ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਹੀ ਹੈ।

ਪੰਜਾਬ ਦੀ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਨਿਗਮ ਚੋਣਾਂ ਲਈ ਸੰਗਠਨ ਦੇ ਵਰਕਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਨ ਅਤੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੈਅ ਕਰਨ ਲਈ ਬੈਠਕਾਂ ਦਾ ਦੌਰ ਕੱਲ੍ਹ ਚੰਡੀਗੜ੍ਹ ਸੂਬਾ ਹੈਡਕੁਆਰਟਰ ਵਿਖੇ ਜਾਰੀ ਰਿਹਾ। ਇਸ ਮੌਕੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਪੰਜਾਬ ਦੇ ਸਹਿ-ਇੰਚਾਰਜ ਡਾ. ਨਰਿੰਦਰ ਸਿੰਘ, ਸੂਬਾ ਸੰਗਠਨ ਜਨਰਲ ਸੈਕਟਰੀ ਦਿਨੇਸ਼ ਕੁਮਾਰ, ਇਕਬਾਲ ਸਿੰਘ ਲਾਲਪੁਰਾ, ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਡਾ. ਸੁਭਾਸ਼ ਸ਼ਰਮਾ ਮੌਜੂਦ ਸਨ। ਦੁਸ਼ਯੰਤ ਗੌਤਮ ਨੇ ਕਿਹਾ ਕਿ ਭਾਜਪਾ ਪੰਜਾਬ ਦੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਬਣ ਗਈ ਹੈ ਅਤੇ ਲੋਕ ਵੀ ਇਸ ਦੀਆਂ ਨੀਤੀਆਂ ਤੇ ਵਿਚਾਰਧਾਰਾ ਨਾਲ ਸਹਿਮਤ ਹਨ। ਅਸ਼ਵਨੀ ਸ਼ਰਮਾ ਨੇ ਕਾਂਗਰਸ ਬਾਰੇ ਕਿਹਾ ਕਿ ਕਾਂਗਰਸ ਸਣੇ ਸਾਰੀਆਂ ਵਿਰੋਧੀ ਪਾਰਟੀਆਂ, ਭਾਜਪਾ ਦੀ ਲੋਕਪ੍ਰਿਯਤਾ ਤੋਂ ਘਬਰਾ ਗਈਆਂ ਹਨ ਅਤੇ ਘਟੀਆਂ ਰਾਜਨੀਤੀ ’ਤੇ ਉਤਰ ਆਈਆਂ ਹਨ। ਸ਼ਰਮਾ ਨੇ ਕਿਹਾ ਕਿ ਵਿਰੋਧੀ ਧਿਰ ਜਾਣਦੀ ਹੈ ਕਿ ਜੇ ਭਾਜਪਾ ਦੇ ਸੰਗਠਨਾਤਮਕ ਢਾਂਚੇ ਦੇ ਲੋਕ ਇਕੱਠੇ ਹੋ ਕੇ ਪੰਜਾਬ ਦੇ ਲੋਕਾਂ ਨਾਲ ਸਰਕਾਰ ਖ਼ਿਲਾਫ਼ ਖੜ੍ਹੇ ਹੋ ਜਾਣ ਤਾਂ ਇਹ ਤੈਅ ਹੈ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣੇਗੀ।

### ਸੜਕ ਹਾਦਸੇ ਵਿੱਚ ਦੋ ਜਣਿਆਂ ਦੀ ਮੌਤ

ਬਠਿੰਡਾ, 25 ਜਨਵਰੀ (ਪੋਸਟ ਬਿਊਰੋ)- ਬਠਿੰਡਾ-ਮਾਨਸਾ ਰੋਡ ਉੱਤੇ ਪਿੰਡ ਭਾਈ ਬਖਤੌਰ ਕੋਲ ਮਹਿੰਦਰਾ ਪਿਕਅਪ ਨੂੰ ਬੀਤੀ ਰਾਤ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਹਾਦਸੇ ਦੌਰਾਨ ਗੱਡੀ ਚਾਲਕ ਸੜਕ ’ਤੇ ਡਿੱਗ ਪਿਆ ਤੇ ਪਿੱਛੋਂ ਆ ਰਹੀ ਗੱਡੀ ਨੇ ਉਸ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ। ਰਾਤ ਹੋਣ ਕਾਰਨ ਗੱਡੀਆਂ ਲਾਸ਼ ਤੋਂ ਲੰਘਦੀਆਂ ਰਹੀਆਂ। ਗੱਡੀ ਦਾ ਸਹਾਇਕ ਚਾਲਕ ਗੰਭੀਰ ਜ਼ਖਮੀ ਹੋ ਗਿਆ। ਸੂਚਨਾ ਮਿਲਣ ’ਤੇ ਸਹਾਰਾ ਜਨਸੇਵਾ ਦੀ ਲਾਈਫ ਸੇਵਿੰਗ ਟੀਮ ਤੇ ਥਾਣਾ ਕੋਟਫੱਤਾ ਦੀ ਪੁਲਸ ਮੌਕੇ ’ਤੇ ਪਹੁੰਚੀ। ਸਹਾਇਕ ਚਾਲਕ ਨੂੰ 108 ਐਂਬੂਲੈਂਸ ਰਾਹੀਂ ਬਠਿੰਡਾ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ।

ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮ੍ਰਿਤਕਾਂ ਦੀ ਸ਼ਨਾਖਤ ਬੀਰਬਲ ਸ਼ਰਮਾ (38) ਵਾਸੀ ਸਿੱਧੂ ਹਸਪਤਾਲ ਵਾਲੀ ਗਲੀ ਮਾਨਸਾ ਅਤੇ ਪ੍ਰੇਮ ਕੁਮਾਰ (30) ਵਾਸੀ ਸੁਨਾਮ ਜ਼ਿਲ੍ਹਾ ਸੰਗਰੂਰ ਵਜੋਂ ਹੋਈ ਹੈ।

## ਕੁਆਰੀ ਦੱਸ ਕੇ ਵਿਆਹ ਕਰਾਉਣ ਪਿਛੋਂ ਤਲਾਕ ਦੇ 25 ਲੱਖ ਮੰਗੇ

ਫਿਰੋਜ਼ਪੁਰ, 25 ਜਨਵਰੀ (ਪੋਸਟ ਬਿਊਰੋ)- ਜ਼ਿਲ੍ਹਾ ਪਟਿਆਲਾ ਦੇ ਪਿੰਡ ਦਫਤਰੀ ਵਾਲਾ ਦੇ ਇੱਕ ਪਰਵਾਰ ਨੇ ਆਪਣੀ ਵਿਆਹੁਤਾ ਲੜਕੀ ਦਾ ਪਹਿਲਾਂ ਨਾਂਅ ਬਦਲਿਆ, ਫਿਰ ਉਸ ਨੂੰ ਕੁਆਰੀ ਦੱਸ ਕੇ ਫਿਰੋਜ਼ਪੁਰ ਦੇ ਪਿੰਡ ਬੋਘੇਵਾਲਾ ਦੇ ਇੱਕ ਨੌਜਵਾਨ ਨਾਲ ਵਿਆਹ ਕਰਵਾ ਦਿੱਤਾ। ਲੜਕੇ ਵਾਲਿਆਂ ਨੂੰ ਪਤਾ ਲੱਗਾ ਤਾਂ ਲੜਕੀ ਦੇ ਪਰਵਾਰ ਨੇ ਝਗੜਾ ਕਰ ਕੇ ਪਹਿਲਾਂ ਦਿੱਤਾ ਸਾਮਾਨ ਵਾਪਸਲਿਆ ਅਤੇ ਫਿਰ ਤਲਾਕ ਦੇ ਨਾਂਅ ’ਤੇ 25 ਲੱਖ ਰੁਪਏ ਦੀ ਮੰਗ ਕਰਨ ਲੱਗੇ। ਥਾਣਾ ਜ਼ੀਰਾ ਪੁਲਸ ਨੇ ਪੀੜਤ ਦੀ ਸ਼ਿਕਾਇਤ ’ਤੇ ਪਰਵਾਰ ਦੇ ਛੇ ਮੈਂਬਰਾਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਸ਼ਿਕਾਇਤਕਰਤਾ ਗੁਰਪ੍ਰੀਤ ਸਿੰਘ ਪੁੱਤਰ ਪਰਮਜੀਤ ਸਿੰਘ ਪਿੰਡ ਬੋਘੇਵਾਲਾ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਪਤਨੀ ਸਰਬਜੀਤ ਕੌਰ ਉਰਫ ਨਮਨਪ੍ਰੀਤ ਕੌਰ ਦਾ ਤਲਾਕ ਹੋ ਚੁੱਕਾ ਹੈ। ਦੋਸ਼ੀ ਭਗਵਾਨ ਸਿੰਘ, ਰਾਜਵਿੰਦਰ ਕੌਰ ਪਤਨੀ ਭਗਵਾਨ ਸਿੰਘ, ਹਰਪਾਲ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਦਫਤਰੀ ਵਾਲਾ



ਪਟਿਆਲਾ, ਇੰਦਰਜੀਤ ਸਿੰਘ ਪੁੱਤਰ ਸਤਨਾਮ ਸਿੰਘ ਅਤੇ ਬਲਜੀਤ ਕੌਰ ਪਤਨੀ ਇੰਦਰਜੀਤ ਸਿੰਘ ਪਿੰਡ ਸੋਹਲ ਜ਼ਿਲ੍ਹਾ ਤਰਨ ਤਾਰਨ ਨੇ ਲੜਕੀ ਨੂੰ ਕੁਆਰੀ ਦੱਸ ਕੇ ਉਸ ਦਾ ਵਿਆਹ ਕਰਵਾ ਦਿੱਤਾ। ਵਿਆਹ ਦੇ ਬਾਅਦ ਉਸ ਦੀ ਪਤਨੀ ਉਸ ਦੇ ਨਾਲ ਝਗੜਾ ਕਰਨ ਲੱਗੀ ਅਤੇ ਦੋਸ਼ੀਆਂ ਨਾਲ ਮਿਲ ਕੇ ਘਰ ਵਿੱਚ ਪਏ ਗਹਿਣੇ, ਬੁਲੇਟ ਮੋਟਰ ਸਾਈਕਲ ਲੈ ਗਈ। ਇਸ ਪਿੱਛੋਂ ਉਸ ਦੀ ਪਤਨੀ ਦੋਸ਼ੀਆਂ ਦੇ ਨਾਲ ਮਿਲ ਕੇ ਉਸ ਤੋਂ ਤਲਾਕ ਅਤੇ 25 ਲੱਖ ਰੁਪਏ ਦੀ ਮੰਗ ਕਰ ਰਹੀ ਹੈ।

ਇੱਕ ਹੋਰ ਕੇਸ ਵਿੱਚ ਫਿਰੋਜ਼ਪੁਰ ਦੇ ਹੀ ਪਿੰਡ ਭੂਤੀਵਾਲਾ ਦੇ ਗੁਰਮੀਤ ਸਿੰਘ ਨੂੰ ਅਖਬਾਰ ਵਿੱਚ ਇਸ਼ਤਿਹਾਰ ਦੇਖ ਕੇ ਲੜਕੀ ਨਾਲ ਵਿਆਹ ਕਰਨਾ ਮਹਿੰਗਾ ਪੈ ਗਿਆ। ਵਿਆਹ ਦੇ ਦੋ ਸਾਲ ਬਾਅਦ ਨੌਜਵਾਨ ਨੇ ਜ਼ਮੀਨ ਗਹਿਣੇ ਰੱਖ ਕੇ 20 ਲੱਖ ਰੁਪਏ ਖਰਚ ਕੇ ਪਤਨੀ ਨੂੰ ਵਿਦੇਸ਼ ਭੇਜਿਆ, ਪਰ ਪਤਨੀ ਨੇ ਵਿਦੇਸ਼ ਜਾ ਕੇ ਸਾਥ ਛੱਡ ਦਿੱਤਾ।ਪੁਲਸ ਨੇ ਦੋ ਮਹੀਨੇ ਜਾਂਚ ਦੇ ਬਾਅਦ ਗੁਰਮੀਤ ਦੀ ਪਤਨੀ ਕੁਲਦੀਪ ਕੌਰ, ਉਸ ਦੇ ਪਿਤਾ ਜਗਤਾਰ ਸਿੰਘ ਅਤੇ ਮਾਂ ਪ੍ਰਭਜੋਤ ਕੌਰ ਦੇ ਖਿਲਾਫ ਕੇਸ ਦਰਜ ਕੀਤਾ ਹੈ। ਗੁਰਮੀਤ ਨੇ ਦੱਸਿਆ ਕਿ ਉਹ ਖੇਤੀ ਕਰਦਾ ਹੈ। ਛੇ ਜਨਵਰੀ 2018 ਨੂੰ ਉਸ ਨੇ ਅਖਬਾਰ ਵਿੱਚ ਇਸ਼ਤਿਹਾਰ ਦੇਖਿਆ, ਜਿਸ ਵਿੱਚ ਜਗਤਾਰ ਸਿੰਘ ਨੇ ਦੱਸਿਆ ਸੀ ਕਿ ਉਸ ਦੀ 23 ਸਾਲਾ ਬੇਟੀ ਕੁਲਦੀਪ ਕੌਰ ਨੇ ਨਰਸਿੰਗ ਦਾ ਕੋਰਸ ਤੇ ਆਈਲੈਟਸ ਕੀਤੀ ਹੈ। ਫਿਰ ਰਿਸ਼ਤਾ ਤੈਅ ਹੋਇਆ ਤੇ ਤਿੰਨ ਮਹੀਨੇ ਬਾਅਦ ਵਿਆਹ ਹੋ ਗਿਆ। ਫਿਰ ਪਰਵਾਰ ਨੇ ਚਾਰ ਏਕੜ ਜ਼ਮੀਨ ਗਹਿਣੇ ਰੱਖ ਕੇ ਵੀਹ ਲੱਖ ਰੁਪਏ ਖਰਚ ਕਰ ਕੇ ਕੁਲਦੀਪ ਨੂੰ ਆਸਟਰੇਲੀਆ ਭੇਜ ਦਿੱਤਾ। ਦੋ ਮਹੀਨੇ ਪਹਿਲਾਂ ਕੁਲਦੀਪ ਦਾ ਫੋਨ ਆਉਣਾ ਬੰਦ ਹੋ ਗਿਆ ਤੇ ਉਸ ਨੇ ਰਿਸ਼ਤਾ ਵੀ ਤੋੜ ਲਿਆ।

# ਜਥੇਬੰਦੀਆਂ ਨਾਲ ਆਖਰੀ ਗੱਲਬਾਤ ਤੋਂ ਪਹਿਲਾਂ ਹੀ ਕੇਂਦਰ ਸਰਕਾਰ ਬੈਠਕ ਦੀ ਰਣਨੀਤੀ ਮਿੱਥ ਚੁੱਕੀ ਸੀ



ਨਵੀਂ ਦਿੱਲੀ, 25 ਜਨਵਰੀ (ਪੋਸਟ ਬਿਊਰੋ)- ਕਿਸਾਨਾਂ ਨਾਲ ਗਿਆਰ੍ਹਵੇਂ ਗੇੜ ਦੀ ਵਾਰਤਾ ਤੋਂ ਕਾਫੀ ਪਹਿਲਾਂ ਹੀ ਕੇਂਦਰ ਸਰਕਾਰ ਗੱਲਬਾਤ ਵਾਲੇ ਦਿਨ ਲਈ ਆਪਣੀ ਰਣਨੀਤੀ ਮਿੱਥ ਚੁੱਕੀ ਸੀ।

ਜਥੇਬੰਦੀਆਂ ਨੂੰ ਖੇਤੀ ਕਾਨੂੰਨਾਂ ਬਾਰੇ ਸਭ ਤੋਂ ਵਧੀਆ ਪੇਸ਼ਕਸ਼ ਉਤੇ ਮੁੜ ਵਿਚਾਰ ਕਰਨ ਲਈ ਕਹਿਣ ਦੇ ਨਾਲ ਹੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਦੀ ਇੱਕ ਵੀਡੀਓ ਜਨਤਕ ਕੀਤੀ ਹੈ। ਇਸ ਵਿੱਚ ਤੋਮਰ ਕਿਸਾਨ ਜਥੇਬੰਦੀਆਂ ਨੂੰ ਸਖਤੀ ਨਾਲ ਵਾਰਤਾ ਲਈ ਨੈਤਿਕਤਾ ਦੀ ਰੂਪ ਰੇਖਾ ਤੈਅ ਕਰਨ ਬਾਰੇ ਕਹਿ ਰਹੇ ਹਨ। ਬੈਠਕ ਖਤਮ ਕਰਦਿਆਂ ਤੋਮਰ ਨੇ ਕੇਂਦਰ ਸਰਕਾਰ ਤੇ ਕਿਸਾਨ ਜਥੇਬੰਦੀਆਂ ਵਿਚਾਲੇ ਹੋਈ ਵਾਰਤਾ ਵਿੱਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਦੀ ਭੂਮਿਕਾ ਬਾਰੇ ਵੀ ਮੰਨਿਆ। ਤੋਮਰ ਨੇ ਕਿਹਾ ਕਿ 'ਮੈਂ ਖੁਸ਼ ਹਾਂ ਕਿ ਗੱਲਬਾਤ ਦੇ ਸਾਰੇ ਗੇੜਾਂ ਦੌਰਾਨ ਕੇਂਦਰ ਅਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਮੌਜੂਦ ਰਹਿ ਕੇ ਸਾਡੀ ਮਦਦ ਕੀਤੀ ਹੈ। ਇਸ ਤਰ੍ਹਾਂ ਉਹ ਸਾਡੇ (ਕੇਂਦਰ ਤੇ ਜਥੇਬੰਦੀਆਂ) ਵਿਚਾਲੇ ਪੁਲ ਬਣੇ ਹਨ। ਜਿਸ ਮਿਹਨਤ ਦੀ ਉਨ੍ਹਾਂ ਤੋਂ ਆਸ ਸੀ, ਉਨ੍ਹਾਂ ਉਹ ਕੀਤੀ ਹੈ। ਇਸ ਲਈ ਮੈਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ।'

ਵਰਨਣ ਯੋਗ ਹੈ ਕਿ ਸ਼ੁੱਕਰਵਾਰ ਨੂੰ ਚਾਰ ਘੰਟੇ ਤੋਂ ਵੱਧ ਦੀ ਬੈਠਕ ਵਿੱਚ ਗੱਲਬਾਤ ਸਿਰਫ ਤੀਹ ਮਿੰਟ ਹੋਈ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਜਥੇਬੰਦੀਆਂ ਨੂੰ ਲੱਗਦਾ ਸੀ ਕਿ ਵਾਰਤਾ ਵਿਚਾਲੇ ਤਿੰਨ ਘੰਟੇ ਬਰੇਕ ਦੌਰਾਨ ਸਰਕਾਰ ਕਿਸਾਨਾਂ ਨੂੰ ਕੋਈ ਹੋਰ ਪੇਸ਼ਕਸ਼ ਕਰਨ ਬਾਰੇ ਵਿਚਾਰ ਕਰ ਰਹੀ ਸੀ ਤਾਂ ਇਹ ਗਲਤਹੈ। ਸਰਕਾਰ ਉਨ੍ਹਾਂ ਨੂੰ ਆਪਣਾ ਫੈਸਲਾ ਵਿਚਾਰਨ ਬਾਰੇ ਕੁਝ ਹੋਰ ਸਮਾਂ ਦੇਣਾ ਚਾਹੁੰਦੀ ਸੀ। ਜਾਣਕਾਰ ਸੂਤਰਾਂ ਮੁਤਾਬਕ ਕਿਸਾਨ ਜਥੇਬੰਦੀਆਂ ਨੇ ਕਾਨੂੰਨ 18 ਮਹੀਨੇ ਮੁਲਤਵੀ ਕਰਨ ਦੀ ਤਜਵੀਜ਼ ਨਾ ਮੰਨਣ ਬਾਰੇ ਜਦ ਜਨਤਕ ਤੌਰ 'ਤੇ ਐਲਾਨ ਕੀਤਾ, ਉਦੋਂ ਹੀ ਸਰਕਾਰ ਨੇ ਆਪਣੀ ਰਣਨੀਤੀ ਵਾਰਤਾ ਦੇ ਅਗਲੇ ਗੇੜ ਲਈ ਤੈਅ ਕਰ ਲਈ ਸੀ। ਤੋਮਰ ਨੇ ਆਖਰੀ ਬੈਠਕ ਵਿੱਚ ਕਿਸਾਨ ਆਗੂਆਂ ਅੱਗੇ ਨੈਤਿਕਤਾ ਦੀ ਗੱਲ ਕੀਤੀ ਅਤੇ ਕਿਹਾ 'ਆਮ ਤੌਰ 'ਤੇ ਵਾਰਤਾ ਦੌਰਾਨ ਕੋਈ ਨਵਾਂ ਸੰਘਰਸ਼ ਐਲਾਨ ਦਿੰਦੇ ਹਨ।' ਮੌਜੂਦਾ ਸਥਿਤੀ ਉਤੇ ਤੋਮਰ ਨੇ ਜਥੇਬੰਦੀਆਂ ਬਾਰੇ ਇੱਕ ਹੋਰ ਗੱਲ ਕਰਦਿਆਂ ਕਿਹਾ 'ਉਹ ਅੱਗੇ ਨਹੀਂ ਵਧ ਪਾ ਰਹੇ ਹਨ ਕਿਉਂਕਿ ਜਿਹੜੀ ਦੂਰਦ੍ਰਿਸ਼ਟੀ ਵਾਰਤਾ ਹੋਣੀ ਚਾਹੀਦੀ ਸੀ, ਉਹ ਹੈ ਨਹੀਂ।'

ਆਪ ਪਾਰਟੀ ਦੇ ਰਾਘਵ ਚੱਢਾ ਵੱਲੋਂ ਦੋਸ਼ :

# ਅਮਰਿੰਦਰ ਸਿੰਘ ਨੂੰ ਪਤਾ ਸੀ ਕਿ ਕਾਲੇ ਕਾਨੂੰਨ ਆ ਰਹੇ ਨੇ




ਨਵੀਂ ਦਿੱਲੀ, 25 ਜਨਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪੰਜਾਬ ਦੇ ਸਹਿ ਇੰਚਾਰਜ ਰਾਘਵ ਚੱਢਾ ਨੇ ਆਰ ਟੀ ਆਈ ਦੇ ਹਵਾਲੇ ਨਾਲ ਦੋਸ਼ ਲਾਇਆ ਕਿ ਤਿੰਨੇ ਕਾਲੇ ਖੇਤੀ ਕਾਨੂੰਨਾਂ ਨੂੰ ਪਾਸ ਕਰਨ ਬਾਰੇ ਕੈਪਟਨ ਅਮਰਿੰਦਰ ਸਿੰਘ ਨੂੰ ਪਹਿਲਾਂ ਹੀ ਜਾਣਕਾਰੀ ਸੀ। 7 ਅਗਸਤ 2019 ਤੋਂ ਕੈਪਟਨ ਅਮਰਿੰਦਰ ਸਿੰਘ ਨੂੰ ਪਤਾ ਸੀ ਕਿ ਕਿਸਾਨ ਵਪਾਰ ਅਤੇ ਵਣਜ (ਪ੍ਰੋਤਸਾਹਨ ਤੇ ਸਹੂਲਤ) ਕਾਨੂੰਨ, ਮੁੱਲ ਭਰੋਸਗੀ ਅਤੇ ਖੇਤੀ ਸੇਵਾ ਕਾਨੂੰਨ (ਸ਼ਸਕਤੀਕਰਨ ਅਤੇ ਸੁਰੱਖਿਆ) ਸਮਝੌਤਾ ਅਤੇ ਜ਼ਰੂਰੀ ਵਸਤੂ (ਸੋਧ) ਕਾਨੂੰਨ ਨੂੰ ਲਿਆਂਦਾ ਜਾ ਰਿਹਾ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਕੈਪਟਨ ਅਮਰਿੰਦਰ ਸਿੰਘ ਨੂੰ ਹਾਈਪਾਵਰ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਸੀ। ਦੋਵਾਂ ਵਿੱਚ ਮੈਚ ਫਿਕਸਿੰਗ ਦਾ ਸਪੱਸ਼ਟ ਮਾਮਲਾ ਹੈ। ਇਸ ਕਾਰਨ ਕੈਪਟਨ ਨੇ ਕਿਸੇ ਨੂੰ ਨਹੀਂ ਦਸਿਆ ਕਿ ਤਿੰਨ ਕਾਲੇ ਖੇਤੀ ਕਾਨੂੰਨ ਲਾਗੂ ਹੋਣਗੇ।

ਰਾਘਵ ਚੱਢਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਚੰਗੀ ਤਰ੍ਹਾਂ ਜਾਣਦੇ ਸਨ ਕਿ ਨਿੱਜੀ ਪ੍ਰਵੇਸ਼ ਅਤੇ ਕਾਰਪੋਰੇਟ ਨੂੰ ਫਸਲਾਂ ਦੇ ਬਾਜ਼ਾਰ ਵਿੱਚ ਲਿਆਂਦਾ ਜਾਵੇਗਾ, ਉਨ੍ਹਾਂ ਨੂੰ ਇਹ ਪਤਾ ਸੀ ਕਿ ਠੇਕਾ ਖੇਤੀ ਦੇ ਨਵੇਂ ਤਰੀਕੇ ਪੇਸ਼ ਕੀਤੇ ਜਾਣਗੇ, ਘੱਟੋ-ਘੱਟ ਖਰੀਦ ਕੀਮਤ (ਐਮ ਐਸ ਪੀ) ਤੇ ਮੰਡੀ ਪ੍ਰਣਾਲੀ ਨੂੰ ਹਟਾ ਦਿੱਤਾ ਜਾਵੇਗਾ, ਪ੍ਰੰਤੂ ਉਨ੍ਹਾਂ ਕਦੇ ਕਿਸੇ ਨੂੰ ਕੁਝ ਨਹੀਂ ਦਸਿਆ। ਉਨ੍ਹਾਂ ਕਿਹਾ ਕਿ ਮੈਂ ਕੈਪਟਨ ਅਮਰਿੰਦਰ ਸਿੰਘ ਨੂੰ ਚੁਣੌਤੀ ਦਿੰਦਾ ਹਾਂ ਕਿ ਕੋਈ ਇੱਕ ਸਬੂਤ ਪੇਸ਼ ਕਰਨ, ਜਿਸ ਤੋਂ ਸਾਬਤ ਹੋ ਸਕੇ ਕਿ ਖੇਤੀ ਕਾਨੂੰਨਾਂ ਬਾਰੇ ਬਣੀ ਹਾਈਪਾਵਰ ਕਮੇਟੀ ਵਿੱਚ ਉਨ੍ਹਾਂ ਤਿੰਨੇ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਅਸਹਿਮਤੀ ਪ੍ਰਗਟ ਕੀਤੀ ਸੀ।ਉਨ੍ਹਾਂ ਕਿਹਾ ਕਿ ਆਰ ਟੀ ਆਈ ਤੋਂ ਪਤਾ ਲੱਗਦਾ ਹੈ ਕਿ ਸਾਡੇ ਕਿਸਾਨ ਭਰਾਵਾਂ ਨੇ ਜਿਸ ਹਾਈਪਾਵਰ ਕਮੇਟੀ ਦੇ ਤਿੰਨੇ ਕਾਲੇ ਖੇਤੀ ਕਾਨੂੰਨਾਂ ਦੇ ਏਜੰਡੇ ਖ਼ਿਲਾਫ਼ ਲੜਾਈ ਲੜੀ ਹੈ, ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਏਜੰਡਿਆਂ ਉਤੇ ਵਿਸਥਾਰ ਨਾਲ ਹੋਈਆਂ ਚਰਚਾਵਾਂ ਵਿੱਚ ਸ਼ਾਮਲ ਸਨ। ਰਾਘਵ ਚੱਢਾ ਨੇ ਕਿਹਾ ਕਿ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਅਮਰਿੰਦਰ ਸਿੰਘ ਨੇ ਪੰਜਾਬ ਦੇ ਕਿਸਾਨਾਂ ਨਾਲ ਸ਼ਰੇਆਮ ਝੂਠ ਬੋਲਿਆ ਅਤੇ ਸਭ ਨੂੰ ਗੁੰਮਰਾਹ ਕੀਤਾ ਹੈ। ਉਨ੍ਹਾ ਕਿਹਾ ਕਿ ਸਪੱਸ਼ਟ ਹੋ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਤੇ ਕੈਪਟਨ ਅਮਰਿੰਦਰ ਸਿੰਘ ਮਿਲ ਕੇ ਕੰਮ ਕਰ ਰਹੇ ਹਨ। ਇਹ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਧਾਨ ਮੰਤਰੀ ਮੋਦੀ ਵਿੱਚ ਮੈਚ ਫਿਕਸਿੰਗ ਦਾ ਸਪੱਸ਼ਟ ਮਾਮਲਾ ਨਜ਼ਰ ਆ ਰਿਹਾ ਹੈ।

# ਕਈ ਦੇਸ਼ਾਂ ਨੇ ਭਾਰਤ ਦੇ ਬਣੇ ਤੇਜਸ ਜਹਾਜ਼ਾਂ 'ਚ ਦਿਲਚਸਪੀ ਦਿਖਾਈ

ਨਵੀਂ ਦਿੱਲੀ, 25 ਜਨਵਰੀ (ਪੋਸਟ ਬਿਊਰੋ)- ਭਾਰਤ ਵਿੱਚ ਬਣੇ ਹੋਏ ਦੇਸੀ ਹਲਕੇ ਜੰਗੀ ਜਹਾਜ਼ (ਐਲ ਸੀ ਏ) ਤੇਜਸ ਨੂੰ ਖਰੀਦਣ ਲਈ ਕਈ ਦੇਸ਼ਾਂ ਨੇ ਦਿਲਚਸਪੀ ਵਿਖਾਈ ਹੈ। ਅਗਲੇ ਕੁਝ ਸਾਲਾਂ ਵਿੱਚ ਵਿਦੇਸ਼ ਤੋਂ ਪਹਿਲਾ ਆਰਡਰ ਮਿਲਣ ਦੀ ਉਮੀਦ ਹੈ। ਇਹ ਗੱਲ ਤੇਜਸ ਜਹਾਜ਼ ਦਾ ਬਣਾਉਣ ਵਾਲੀ ਸਰਕਾਰੀ ਕੰਪਨੀ ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ (ਐਚ ਏ ਐਲ) ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਆਰ ਮਾਧਵਨ ਨੇ ਕਹੀ ਹੈ।

ਇੱਕ ਇੰਟਰਵਿਊ ਵਿੱਚ ਮਾਧਵਨ ਨੇ ਕਿਹਾ ਕਿ ਭਾਰਤੀ ਹਵਾਈ ਫੌਜ ਨੂੰ 48000 ਕਰੋੜ ਰੁਪਏ ਦੇ ਸੌਦੇ ਤਹਿਤ ਮਾਰਚ 2024 ਤੋਂ ਤੇਜਸ ਜਹਾਜ਼ਾਂ ਦੀ ਸਪਲਾਈ ਸ਼ੁਰੂ ਹੋ ਜਾਵੇਗੀ। ਹਵਾਈ ਫੌਜ ਨੇ 83 ਤੇਜਸ ਜਹਾਜ਼ ਖਰੀਦੇ ਹਨ।ਉਨ੍ਹਾਂ ਕਿਹਾ ਕਿ ਕੁੱਲ ਜਹਾਜ਼ਾਂ ਦੀ ਸਪਲਾਈ ਤੱਕ ਹਵਾਈ ਫੌਜ ਨੂੰ ਹਰ ਸਾਲ 16 ਜਹਾਜ਼ ਦਿੱਤੇ ਜਾਣਗੇ। ਭਾਰਤੀ ਹਵਾਈ ਫੌਜ ਅਤੇ ਐਚ ਏ ਐਲ ਵਿਚਕਾਰ ਪੰਜ ਫਰਵਰੀ ਨੂੰ ਏਅਰੋ ਇੰਡੀਆ ਐਕਸੋ ਦੌਰਾਨ ਇਸ ਸੌਦੇ 'ਤੇ ਰਸਮੀ ਤੌਰ 'ਤੇ ਦਸਤਖਤ ਕੀਤੇ ਜਾਣਗੇ ਅਤੇ ਇਸ ਮੌਕੇ ਰਾਸ਼ਟਰਪਤੀ ਕੋਵਿੰਦ ਵੀ ਮੌਜੂਦ ਰਹਿਣਗੇ।ਮਾਧਵਨ ਨੇ ਕਿਹਾ ਕਿ ਚੀਨ ਦੇ ਜੇ ਐਫ 17 ਜੰਗੀ ਜਹਾਜ਼ ਦੇ ਮੁਕਾਬਲੇ ਤੇਜਸ ਮਾਰਕ-1ਏ ਦੇ ਪ੍ਰਦਰਸ਼ਨ ਦਾ ਪੱਧਰ ਵੱਧਚੰਗਾ ਹੈ। ਜੇ ਐਫ 17 ਦੀ ਤੁਲਨਾ ਵਿੱਚ ਤੇਜਸ ਦੀ ਤਕਨੀਕ ਚੰਗੀ ਹੈ, ਇਸ ਵਿੱਚ ਬਿਹਤਰ ਇੰਜਣ, ਰਾਡਾਰ ਪ੍ਰਣਾਲੀ ਅਤੇ ਇਲੈਕਟ੍ਰੋਨਿਕ ਵਾਰਫੇਅਰ ਸੂਟ ਵੀ ਹਨ। ਤੇਜਸ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸ ਵਿੱਚ ਹਵਾ ਤੋਂ ਹਵਾ 'ਚ ਹੀ ਤੇਲ ਭਰਿਆ ਜਾ ਸਕਦਾ ਹੈ, ਜਦੋਂ ਕਿ ਚੀਨੀ ਜਹਾਜ਼ 'ਚ ਇਹ ਸਹੂਲਤ ਨਹੀਂ ਹੈ। ਮਾਧਵਨ ਨੇ ਕਿਹਾ ਕਿ ਸ਼ੁਰੂ ਵਿੱਚ ਹਵਾਈ ਫੌਜ ਨੂੰ ਚਾਰ ਜਹਾਜ਼ਾਂ ਦੀ ਸਪਲਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਐਲ ਸੀ ਏ ਪਲਾਂਟ ਦਾ ਦੂਜਾ ਗੇੜ ਵੀ ਪੂਰਾ ਹੋ ਗਿਆ ਹੈ। ਹਰ ਸਾਲ 16 ਤੋਂ ਜ਼ਿਆਦਾ ਜਹਾਜ਼ਾਂ ਬਣਾਉਣ ਦੀ ਯੋਜਨਾ ਹੈ, ਤਾਂ ਕਿ ਵਿਦੇਸ਼ੀ ਆਰਡਰ ਮਿਲਣ 'ਤੇ ਉਸ ਨੂੰ ਤੈਅ ਸਮੇਂ ਵਿੱਚ ਪੂਰਾ ਕੀਤਾ ਜਾ ਸਕੇ। ਇਸ ਮਹੀਨੇ ਦੀ 13 ਤਰੀਕ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਸੁਰੱਖਿਆ ਮਾਮਲਿਆਂ ਦੀ ਕੈਬਨਿਟ ਕਮੇਟੀ ਦੀ ਬੈਠਕ ਵਿੱਚ ਭਾਰਤੀ ਹਵਾਈ ਫੌਜ ਲਈ ਐਚ ਏ ਐਲ ਤੋਂ 73 ਤੇਜਸ ਮਾਰਕ-1ਏ ਜਹਾਜ਼ ਅਤੇ 10 ਐਲ ਸੀ ਏ ਤੇਜਸ ਮਾਰਕ-1 ਸਿਖਲਾਈ ਜਹਾਜ਼ ਖਰੀਦਣ ਨੂੰ ਮਨਜ਼ੂਰੀ ਦਿੱਤੀ ਗਈ ਸੀ।

# ਪੰਜ ਮਹੀਨੇ 'ਚ 31 ਵਾਰੀ ਕੋਰੋਨਾ ਜਾਂਚ ਤੇ ਹਰ ਵਾਰ ਪਾਜ਼ੀਟਿਵ



ਜੈਪੁਰ, 25 ਜਨਵਰੀ (ਪੋਸਟ ਬਿਊਰੋ)- ਰਾਜਸਥਾਨ ਦੇ ਭਰਤਪੁਰ ਵਿੱਚ ਇੱਕ ਕੋਰੋਨਾ ਪੀੜਤ ਮਹਿਲਾ ਪਿਛਲੇ ਪੰਜ ਮਹੀਨੇ ਵਿੱਚ 31 ਵਾਰ ਜਾਂਚ ਕਰਵਾ ਚੁੱਕੀ ਹੈ, ਪਰ ਹਰ ਜਾਂਚ ਵਿੱਚ ਉਸ ਦੀ ਰਿਪੋਰਟ ਪਾਜ਼ੀਟਿਵ ਆਈ ਹੈ। ਆਮ ਤੌਰ 'ਤੇ ਕੋਰੋਨਾ 14 ਦਿਨ ਵਿੱਚ ਠੀਕ ਹੋ ਜਾਂਦਾ ਹੈ, ਪਰ ਭਰਤਪੁਰ ਦੇ ਆਪਣਾ-ਘਰ ਆਸ਼ਰਮ ਵਿੱਚ ਰਹਿ ਰਹੀ ਤੀਹ ਸਾਲਾ ਸ਼ਾਰਦਾ ਦੇਵੀ ਪਿਛਲੇ ਪੰਜ ਮਹੀਨੇ ਤੋਂ ਕੋਰੋਨਾ ਨਾਲ ਜੂਝ ਰਹੀ ਹੈ। ਇਸ ਦੌਰਾਨ ਸ਼ਾਰਦਾ ਦੇਵੀ ਦੇ 17 ਵਾਰੀ ਆਰ ਟੀ ਪੀ ਸੀ ਆਰ ਅਤੇ 14 ਵਾਰੀ ਰੈਪਿਡ ਐਂਟੀਜਨ ਟੈਸਟਾਂ ਵਿੱਚ ਉਹ ਪਾਜ਼ੀਟਿਵ ਮਿਲੀ। ਉਨ੍ਹਾਂ ਨੂੰ ਐਲੋਪੈਥੀ, ਆਯੁਰਵੈਦਿਕ ਤੇ ਹੋਮਿਓਪੈਥੀ ਦੀ ਦਵਾ ਦਿੱਤੀ ਗਈ, ਪਰ ਸ਼ਾਰਦਾ ਦੇਵੀ ਨੂੰ ਕੋਈ ਫਾਇਦਾ ਨਹੀਂ ਹੋਇਆ।

ਆਪਣਾ ਘਰ ਆਸ਼ਰਮ ਦੇ ਸੰਚਾਲਕ ਅਤੇ ਪ੍ਰਧਾਨ ਡਾ: ਬੀ ਐਮ ਭਾਰਦਵਾਜ ਦਾ ਕਹਿਣਾ ਹੈ ਕਿ ਸ਼ਾਰਦਾ ਦੇਵੀ ਨੂੰ ਜਦ ਇਥੇ ਲਿਆਂਦਾ ਗਿਆ ਸੀ ਤਾਂ ਉਸ ਦਾ ਵਜ਼ਨ ਕਾਫੀ ਘੱਟ ਸੀ। ਉਹ ਕਾਫੀ ਬਿਮਾਰ ਸੀ। ਉਸ ਦੀ ਜਾਂਚ ਕਰਵਾਈ ਤਾਂ ਉਹ ਕੋਰੋਨਾ ਪਾਜ਼ੀਟਿਵ ਮਿਲੀ। ਆਸ਼ਰਮ ਵਿੱਚ ਉਸ ਦਾ ਧਿਆਨ ਰੱਖਿਆ ਗਿਆ ਤਾਂ ਵਜ਼ਨ ਅੱਠ ਕਿਲੋ ਵਧ ਗਿਆ। ਪਹਿਲਾਂ ਉਸ ਦਾ ਵਜ਼ਨ ਸਿਰਫ ਤੀਹ ਕਿਲੋ ਸੀ, ਜੋ ਕਿ ਹੁਣ ਵਧ ਕੇ 38 ਕਿਲੋ ਹੋ ਗਿਆ ਹੈ।

ਲੱਗਦਾ ਹੈ ਇਹ ਦੇਸ਼ ਦਾ ਅਜਿਹਾ ਪਹਿਲਾ ਮਾਮਲਾ ਹੋਵੇਗਾ, ਜਿਸ ਵਿੱਚ ਪੰਜ ਮਹੀਨੇ ਤੋਂ ਰਿਪੋਰਟ ਪਾਜ਼ੀਟਿਵ ਆ ਰਹੀ ਹੈ। ਉਹ ਖੁਦ ਨੂੰ ਪੂਰੀ ਤਰ੍ਹਾਂ ਨਾਲ ਤੰਦਰੁਸਤ ਮਹਿਸੂਸ ਕਰ ਰਹੀ ਹੈ। ਇਸ ਦੇ ਬਾਵਜੂਦ ਉਨ੍ਹਾਂ ਨੂੰ ਆਸ਼ਰਮ ਵਿੱਚ ਬਣਾਏ ਗਏ ਇੱਕ ਆਈਸੋਲੇਸ਼ਨ ਰੂਮ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਦੇ 31 ਵਾਰ ਟੈਸਟ ਕਰਵਾਏ ਗਏ ਹਨ।

# ਰਾਮ ਮੰਦਰ ਦੀ ਉਸਾਰੀ ਤਿੰਨ ਸਾਲ 'ਚ ਮੁਕੰਮਲ ਹੋ ਜਾਵੇਗੀ

ਮੁੰਬਈ, 25 ਜਨਵਰੀ (ਪੋਸਟ ਬਿਊਰੋ)- ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੇ ਖਜ਼ਾਨਚੀ ਸਵਾਮੀ ਗੋਵਿੰਦ ਦੇਵ ਗਿਰੀ ਮਹਾਰਾਜ ਨੇ ਕਿਹਾ ਹੈ ਕਿ ਮੁੱਖ ਮੰਦਰ ਦੀ ਉਸਾਰੀ ਤਿੰਨ ਤੋਂ ਸਾਢੇ ਤਿੰਨ ਸਾਲ ਅੰਦਰ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ 'ਤੇ 300 ਤੋਂ 400 ਕਰੋੜ ਰੁਪਏ ਖਰਚ ਹੋ ਸਕਦੇ ਹਨ। ਪੂਰੀ 70 ਏਕੜ ਜ਼ਮੀਨ ਦੇ ਵਿਕਾਸ ਕਾਰਜ ਉੱਤੇ 1100 ਕਰੋੜ ਰੁਪਏ ਖਰਚ ਹੋਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਰਾਮ ਮੰਦਰ ਦੀ ਉਸਾਰੀ ਦੀ ਯੋਜਨਾ ਨਾਲ ਜੁੜੇ ਮਾਹਿਰਾਂ ਨਾਲ ਸਲਾਹ ਕਰਨ ਤੋਂ ਬਾਅਦ ਹੀ ਉਹ ਲਾਗਤ ਦੇ ਇਸ ਅਨੁਮਾਨ 'ਤੇ ਪੁੱਜੇ ਹਨ।

ਸਵਾਮੀ ਗੋਵਿੰਦ ਦੇਵ ਗਿਰੀ ਮਹਾਰਾਜ ਨੇ ਕਿਹਾ ਕਿ ਟਰੱਸਟ ਦਾ ਨਿਸ਼ਾਨਾ 65 ਲੱਖ ਪਿੰਡਾਂ ਅਤੇ 15 ਕਰੋੜ ਘਰਾਂ ਤੱਕ ਪਹੁੰਚਣ ਦਾ ਹੈ। ਸਾਡੇ ਲਈ ਮੰਦਰ ਦੀ ਉਸਾਰੀ ਲਈ ਕੁਝ ਕਾਰਪੋਰੇਟ ਘਰਾਣਿਆਂ ਤੋਂ ਫੰਡ ਇਕੱਠੇ ਕਰਨੇ ਸੰਭਵ ਸਨ। ਅਜਿਹੇ ਕੁਝ ਘਰਾਣੇ ਸਾਡੇ ਕੋਲ ਆਏ ਵੀ ਸਨ। ਉਨ੍ਹਾਂ ਸਾਨੂੰ ਮੰਦਰ ਦਾ ਡਿਜ਼ਾਈਨ ਦੇਣ ਦੀ ਬੇਨਤੀ ਕੀਤੀ ਤੇ ਕਿਹਾ ਸੀ ਕਿ ਮੰਦਰ ਦੀ ਯੋਜਨਾ ਨੂੰ ਅਸੀਂ ਪੂਰਾ ਕਰ ਦਿਆਂਗੇ। ਮੈਂ ਨਿਮਰਤਾ ਨਾਲ ਉਨ੍ਹਾਂ ਨੂੰ ਮਨ੍ਹਾ ਕਰ ਦਿੱਤਾ। ਇਹ ਪੁੱਛਣ 'ਤੇ ਕਿ ਕੀ ਉਹ ਮੰਦਰ ਉਸਾਰੀ ਲਈ ਦਾਨ ਲੈਣ ਵਾਸਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਦੇ ਨਿਵਾਸ 'ਮਾਤੋਸ਼੍ਰੀ' ਜਾਣਗੇ ਤਾਂ ਉਨ੍ਹਾਂ ਕਿਹਾ ਕਿ ਜੇ ਉਹ ਦਾਨ ਦੇਣ ਲਈ ਤਿਆਰ ਹਨ ਤਾਂ ਮੈਂ ਜਾਵਾਂਗਾ। ਸ਼ਿਵ ਸੈਨਾ ਨੇਤਾ ਅਤੇ ਮਹਾਰਾਸ਼ਟਰ ਵਿਧਾਨ ਕੌਂਸਲ ਦੀ ਡਿਪਟੀ ਸਪੀਕਰ ਨੀਲਮ ਗੋਰੇ ਨੇ ਸਾਨੂੰ ਚਾਂਦੀ ਦੀ ਇੱਕ ਕਿੱਲੋ ਦੀ ਇੱਟ ਦਿੱਤੀ ਹੈ। ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਮੈਂ ਸੋਨੀਆ ਤੇ ਰਾਹੁਲ ਕੋਲ ਵੀ ਇਸ ਮੰਤਵ ਲਈ ਜਾਣ ਨੂੰ ਤਿਆਰ ਹਾਂ ਪਰ ਸ਼ਰਤ ਇਹ ਹੈ ਕਿ ਮੇਰੀ ਉਥੇ ਬੇਇਜ਼ਤੀ ਨਹੀਂ ਹੋਣੀ ਚਾਹੀਦੀ। ਮੈਨੂੰ ਇਹ ਗਾਰੰਟੀ ਚਾਹੀਦੀ ਹੈ ਕਿ ਮੇਰਾ ਅਪਮਾਨ ਨਹੀਂ ਹੋਵੇਗਾ।

# ਕਤਲ ਕੇਸ ਵਿੱਚ ਬੇਗੁਨਾਹ ਮਾਤਾ ਪਿਤਾ ਜੇਲ੍ਹ ਵਿੱਚ, ਬੱਚੇ ਰੁਲਦੇ ਰਹੇ

ਆਗਰਾ, 25 ਜਨਵਰੀ (ਪੋਸਟ ਬਿਊਰੋ)- ਬੱਚੇ ਦੀ ਹੱਤਿਆ ਦੇ ਸ਼ੱਕ ਦੇ ਜੁਰਮ ਵਿੱਚ ਪੰਜ ਸਾਲ ਬੇਗੁਨਾਹ ਜੋੜਾ ਸੀਖਾਂ ਦੇ ਪਿੱਛੇ ਰਿਹਾ ਅਤੇ ਉਨ੍ਹਾਂ ਦੇ ਬੱਚੇ ਆਸ਼ਰਮ ਵਿੱਚ ਰੁਲਦੇ ਰਹੇ। ਕੋਰਟ ਤੋਂ ਬਰੀ ਹੋਣ ਪਿੱਛੋਂ ਜੋੜਾ ਜੇਲ੍ਹ ਤੋਂ ਨਿਕਲਿਆ ਤਾਂ ਉਨ੍ਹਾਂ ਨੇ ਬੱਚਿਆਂ ਦੇ ਬਾਰੇ ਜਾਣਕਾਰੀ ਹਾਸਲ ਕੀਤੀ। ਕੱਲ੍ਹਬਾਲ ਕਲਿਆਣ ਕਮੇਟੀ ਨਾਲ ਸੰਪਰਕ ਕਰਨ 'ਤੇ ਪਤਾ ਲੱਗਾ ਕਿ ਬੱਚੇ ਕਾਨਪੁਰ ਦੇ ਬਾਲ ਗ੍ਰਹਿ ਵਿੱਚ ਹਨ। ਇਸ ਕਮੇਟੀ ਦੇ ਜ਼ਰੀਏ ਉਨ੍ਹਾਂ ਨੂੰ ਇਥੇ ਲਿਆਂਦਾ ਜਾਏਗਾ।

ਇਸ ਜ਼ਿਲ੍ਹੇ ਦੇ ਵਾਸੀ ਯੋਗੇਂਦਰ ਸਿੰਘ ਦੇ ਛੇ ਸਾਲਾ ਬੇਟੇ ਰਣਜੀਤ ਦੀ ਇੱਕ ਸਤੰਬਰ 2015 ਨੂੰ ਹੱਤਿਆ ਹੋ ਗਈ ਸੀ। ਉਸ ਦੀ ਲਾਸ਼ ਕੋਤਵਾਲ ਧਰਮਸ਼ਾਲਾ ਕੋਲ ਬ੍ਰਹਮਚਾਰੀ ਗੁਪਤਾ ਦੇ ਬੰਦ ਮਕਾਨ ਦੀ ਛੱਤ 'ਤੇ ਮਿਲੀ ਸੀ। ਧਰਮਸ਼ਾਲਾ ਵਿੱਚ ਨਰਿੰਦਰ ਅਤੇ ਉਸ ਦੀ ਪਤਨੀ ਨਜ਼ਮਾ ਕਿਰਾਏ 'ਤੇ ਰਹਿੰਦੇ ਸਨ। ਯੋਗੇਂਦਰ ਦੇ ਸ਼ੱਕ ਕਰਨ 'ਤੇ ਪੁਲਸ ਨੇ ਦੋਵਾਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਨਰਿੰਦਰ ਦੇ ਅਨੁਸਾਰ ਉਨ੍ਹਾਂ ਦੇ ਸਾਢੇ ਤਿੰਨ ਸਾਲ ਦੀ ਬੇਟੀ ਅੰਜੂ ਅਤੇ ਅੱਠ ਸਾਲ ਦਾ ਬੇਟਾ ਅਜੀਤ ਹਨ। ਜੇਲ੍ਹ ਜਾਣ ਦੇ ਬਾਅਦ ਦੋਵੇਂ ਜਣੇ ਦਾਦੇ ਭਗਵਾਨ ਦਾਸ ਕੋਲ ਰਹਿਣ ਲੱਗੇ।ਚਾਰ ਸਾਲ ਪਾਲਣ ਕਰਨ ਦੇ ਬਾਅਦ ਦਾਦੇ ਨੇ ਖਰਾਬ ਆਰਥਿਕ ਸਥਿਤੀ ਦੱਸ ਕੇ ਮਨੁੱਖੀ ਅਧਿਕਾਰ ਕਮਿਸ਼ਨ, ਬਾਲ ਕਮਿਸ਼ਨ ਤੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਅਰਜ਼ੀ ਦਿੱਤੀ ਤਾਂ ਉਨ੍ਹਾਂ ਨੇ ਬੱਚਿਆਂ ਨੂੰ ਅਨਾਥ ਆਸ਼ਰਮ ਭੇਜਣ ਨੂੰ ਕਿਹਾ। 22 ਅਕਤੂਬਰ 2019 ਨੂੰ ਬਾਲ ਕਲਿਆਣ ਕਮੇਟੀ ਦੇ ਹੁਕਮ 'ਤੇ ਇੱਕ ਟੀਮ ਨੇ ਬੱਚਿਆਂ ਨੂੰ ਸਪੁਰਦਗੀ ਵਿੱਚ ਲੈ ਲਿਆ। ਥਾਣੇ ਦੇ ਜਨਰਲ ਡਾਇਰੀ ਵਿੱਚ ਇਹ ਸੂਚਨਾ ਲਿਖੀ ਗਈ। 24 ਅਕਤੂਬਰ 2019 ਨੂੰ ਬੱਚਿਆਂ ਨੂੰ ਕੇਂਦਰੀ ਬਾਲ ਗ੍ਰਹਿ ਭੇਜ ਦਿੱਤਾ ਗਿਆ।

ਜੁਵੇਨਾਈਲ ਮੈਜਿਸਟਰੇਟ ਦੇ ਹੁਕਮ 'ਤੇ ਦੋਵਾਂ ਬੱਚਿਆਂ ਦਾ ਮੈਡੀਕਲ ਕਰਾਇਆ ਗਿਆ। ਇਸ ਵਿੱਚ ਅਜੀਤ ਦੀ ਉਮਰ 13 ਸਾਲ ਨੌਂ ਮਹੀਨੇ ਅਤੇ ਅੰਜੂ ਦੀ ਉਮਰ 11 ਸਾਲ ਦੋ ਮਹੀਨੇ ਦੱਸੀ ਗਈ। ਬਾਲ ਗ੍ਰਹਿ ਵਿੱਚ ਨਿਯਮਾਂ ਅਨੁਸਾਰ 10 ਸਾਲ ਤੱਕ ਦੇ ਬੱਚੇ ਰੱਖੇ ਜਾਂਦੇ ਹਨ, ਇਸ ਲਈ ਅਜੀਤ ਨੂੰ 17ਅਗਸਤ 2020 ਨੂੰ ਫਿਰੋਜ਼ਾਬਾਦ ਬਾਲ ਗ੍ਰਹਿ ਭੇਜ ਦਿੱਤਾ। 18 ਅਗਸਤ ਨੂੰ ਅੰਜੂ ਨੂੰ ਕੇਂਦਰੀ ਬਾਲ ਗ੍ਰਹਿ ਬਾਲਿਕਾ ਕਾਨਪੁਰ ਭੇਜ ਦਿੱਤਾ ਗਿਆ। 20 ਨਵੰਬਰ 2020 ਨੂੰ ਅਜੀਤ ਨੂੰ ਵੀ ਫਿਰੋਜ਼ਾਬਾਦ ਤੋਂ ਕੇਂਦਰੀ ਬਾਲ ਗ੍ਰਹਿ ਕਾਨਪੁਰ ਭੇਜ ਦਿੱਤਾ। ਅਜੇ ਦੋਵੇਂ ਕਾਨਪੁਰ ਵਿੱਚ ਹੀ ਅਲੱਗ-ਅਲੱਗ ਆਸ਼ਰਮਾਂ ਵਿੱਚ ਹਨ। ਹੁਣ ਕੋਰਟ ਨੇ ਸਬੂਤਾਂ ਦੀ ਘਾਟ ਵਿੱਚ ਨਰਿੰਦਰ ਅਤੇ ਨਜ਼ਮਾ ਨੂੰ ਬਰੀ ਕਰ ਦਿੱਤਾ ਤੇ 21 ਜਨਵਰੀ ਨੂੰ ਦੋਵੇਂ ਜੇਲ੍ਹ 'ਚੋਂ ਰਿਹਾਅ ਹੋਣ ਪਿੱਛੋਂ ਬੱਚਿਆਂ ਨੂੰ ਲੱਭਦੇ ਪਏ ਹਨ।

ਅਮਰੀਕੀ ਚੋਣ ਫੰਡ ਦਾ ਲੇਖਾ:

# ਜੋਅ ਬਾਇਡੇਨ ਦੇ ਵ੍ਹਾਈਟ ਹਾਊਸ ਪੁੱਜਣ ਵਿੱਚ ਕਾਲੇ ਧਨ ਦਾ ਵੀ ਰੋਲ

* 150 ਕਰੋੜ ਡਾਲਰ-ਚੰਦੇ ਵਿੱਚੋਂ 14.5 ਕਰੋੜ ਡਾਲਰ ਗੁੰਮਨਾਮ ਮਿਲੇ



ਬਲੂਮਬਰਗ, 25 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੀ ਮੌਜੂਦਾ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਲਈ ਚੋਣਾਂ ਚੰਦਾ ਇਕੱਠਾ ਕਰਨਾ ਹਮੇਸ਼ਾ ਤੋਂ ਮੁਸ਼ਕਲ ਰਿਹਾ ਹੈ, ਪਰ ਇਸ ਪਾਰਟੀ ਦੀ ਟਿਕਟ 'ਤੇ ਰਾਸ਼ਟਰਪਤੀ ਬਣੇ ਜੋਅ ਬਾਇਡੇਨ ਨੇ ਇਹ ਧਾਰਨਾ ਤੋੜ ਦਿੱਤੀ ਹੈ। ਕੇਂਦਰੀ ਚੋਣ ਕਮਿਸ਼ਨ (ਐਫ ਈ ਸੀ) ਦੇ ਰਿਕਾਰਡ ਮੁਤਾਬਕ ਬਾਇਡੇਨ ਨੂੰ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਲਗਭਗ 150 ਕਰੋੜ ਡਾਲਰ ਚੰਦਾ ਮਿਲਿਆ ਹੈ। ਖਾਸ ਗੱਲ ਇਹ ਕਿ ਉਨ੍ਹਾਂ ਨੂੰ 14.5 ਕਰੋੜ ਡਾਲਰ ਗੁੰਮਨਾਮ ਲੋਕਾਂ ਨੇ ਦਿੱਤੇ ਹਨ, ਯਾਨੀ ਇਹ ਕਾਲਾ ਧਨ ਸੀ, ਜੋ ਉਨ੍ਹਾਂ ਦੇ ਚੋਣ ਪ੍ਰਚਾਰ ਵਿੱਚ ਲੱਗਾ ਹੈ।

ਐਫ ਈ ਸੀ ਦੇਅੰਕੜਿਆਂ ਅਨੁਸਾਰ-ਜੋਅ ਬਾਇਡੇਨ ਨੂੰ ਚੋਣ ਮੁਹਿੰਮ ਦੌਰਾਨ ਮਿਲੇ ਚੰਦੇ ਵਿੱਚੋਂ ਹਰ ਦਾਨਦ-ਾਤਾ ਨੇ ਔਸਤ 2800 ਡਾਲਰ ਚੰਦਾ ਦਿੱਤਾ। ਇਸ ਵਿੱਚੋਂ 31.86 ਕਰੋੜ ਡਾਲਰ ਦੀ ਰਾਸ਼ੀ 200-200 ਡਾਲਰ ਤੋਂ ਘੱਟ ਦੇਣ ਵਾਲਿਆਂ ਤੋਂ ਮਿਲੀ ਹੈ। ਇਹ ਚੰਦਾ ਪਾਰਟੀ ਵੱਲੋਂ ਬਣੀ ਕਮੇਟੀ ਨੇ 47 ਰਾਜਾਂ ਤੋਂ ਇਕੱਠਾ ਕੀਤਾ ਅਤੇ ਕੁੱਲ ਮਿਲਾ ਕੇ ਬਾਇਡੇਨ ਦੀ ਡੈਮੋਕ੍ਰੇਟਿਕ ਪਾਰਟੀ ਨੂੰ ਚੋਣ ਮੁਹਿੰਮ ਦੌਰਾਨ ਕਾਲੇ ਧਨ ਨਾਲ 32.6 ਕਰੋੜ ਡਾਲਰ ਦਾ ਲਾਭ ਹੋਇਆ। ਇਹ ਰਿਪਬਲੀਕਨ ਦੇ 14.8 ਕਰੋੜ ਡਾਲਰ ਤੋਂ ਦੁੱਗਣਾ ਹੈ। ਇਸ ਤੋਂ ਪਹਿਲਾਂ ਗੁੰਮਨਾਮ ਚੰਦਾ ਉਗਰਾਹੀ ਦਾ ਰਿਕ-ਾਰਡ 2012 ਵਿੱਚ ਬਣਿਆ ਸੀ, ਜਦੋਂ 11.3 ਕਰੋੜ ਡਾਲਰਦਾ ਬੇਨਾਮੀ ਚੰਦਾ ਰਿਪਬਲੀਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇਲਈ ਉਮੀਦਵਾਰ ਮਿਟ ਰੋਮਨੀ ਨੂੰ ਮਿਲਿਆ ਸੀ। ਜੋਅ ਬਾਇਡੇਨ ਦੇ ਮੁਕਾਬਲੇ ਪਿਛਲੇ ਰਿਪਬਲੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇਸ ਵਾਰ ਸਿਰਫ 2.84 ਕਰੋੜ ਡਾਲਰ ਗੁੰਮਨਾਮ ਚੰਦਾ ਮਿ-ਲਿਆ ਹੈ, ਜਦ ਕਿ ਉਹ ਆਪਣੇ ਪੂਰੇ ਕਾਰਜਕਾਲ ਵਿੱਚ ਵਿਵਾਦਪੂਰਨ ਅਕਸ ਵਾਲੇ ਰਹੇ ਹਨ।ਰਾਸ਼ਟਰਪਤੀ ਬਣੇ ਬਾਇਡੇਨ ਨੂੰ ਚੋਣ ਮੁਹਿੰਮ ਵਿੱਚ ਟਰੰਪ ਦੇ ਮੁਕਾਬਲੇ ਪੰਜ ਗੁਣਾ ਬੇਨਾਮੀ ਚੰਦਾ ਮਿਲਿਆ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਡੈਮੋਕ੍ਰੇਟਿਕ ਪਾਰਟੀ ਤੇ ਉਸ ਦੇ ਨੇਤਾ ਹਮੇਸ਼ਾ ਤੋਂ ਚੋਣਾਂ ਵਿੱਚ ਕਾਲੇ ਧਨ ਦੇ ਇਸਤੇਮਾਲ ਵਿਰੁੱਧ ਮੁਹਿੰਮ ਚਲਾਉਂਦੇ ਅਤੇ ਇਸ 'ਤੇ ਪਾਬੰਦੀ ਦੀ ਮੰਗ ਕਰਦੇ ਰਹੇ ਹਨ।

# ਰੂਸ ਵਿੱਚ ਨਵਲਨੀ ਦੀ ਰਿਹਾਈ ਲਈ ਸਮਰਥਕਾਂ ਅਤੇ ਪੁਲਸ ਵਿਚਾਲੇ ਝੜਪ



ਮਾਸਕੋ, 25 ਜਨਵਰੀ (ਪੋਸਟ ਬਿਊਰੋ)- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਆਲੋਚਕ ਅਲੈਕਸੇਈ ਨਵਲਨੀ ਦੇ ਸਮਰਥਕਾਂ ਦੀ ਪੁਲਸ ਨਾਲ ਹਿੰਸਕ ਝੜਪ ਹੋ ਗਈ। ਦੁਨੀਆ ਭਰ ਵਿੱਚ ਨਵਲਨੀ ਦੀ ਗ੍ਰਿਫ਼ਤਾਰੀ ਦੇ ਨਾਲ ਵਿਖਾਵਾ ਕਰਨ ਵਾਲਿਆਂ ਦੇ ਖ਼ਿਲਾਫ਼ ਹਿੰਸਾ ਦੀ ਆਲੋਚਨਾ ਕੀਤੀ ਗਈ ਹੈ।

ਵਲਾਦੀਮੀਰ ਪੁਤਿਨ ਦੀ ਸਰਕਾਰ ਦੇ ਖ਼ਿਲਾਫ਼ ਲੱਗਭਗ 70 ਸ਼ਹਿਰਾਂ ਵਿੱਚ ਵਿਖਾਵੇ ਹੋਣ ਤੋਂ ਬਾਅਦ ਘੱਟੋ-ਘੱਟ 3400 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇਨ੍ਹਾਂ ਵਿੱਚ ਨਵਲਨੀ ਦੀ ਪਤਨੀ ਯੂਲੀਆ ਨਵਲਨਯਾ ਵੀ ਸ਼ਾਮਲ ਹੈ। ਹਿੰਸਕ ਵਿਖਾਵਿਆਂ ਕਾਰਨ ਅਮਰੀਕਾ ਅਤੇ ਰੂਸ ਵਿਚਾਲੇ ਕੌੜ ਇੱਕ ਵਾਰ ਫਿਰ ਵਧ ਗਈ ਹੈ। ਰੂਸ ਦੇ ਵਿਦੇਸ਼ ਮੰਤਰ-ਾਲੇ ਨੇ ਅਮਰੀਕੀ ਅੰਬੈਸੀ ਨੂੰ ਕਸੂਰਵਾਰ ਦੱਸ ਕੇ ਕਿਹਾ ਕਿ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋ ਰਹੇ ਵਿਰੋਧੀ ਪਾਰਟੀਆਂ ਦੇ ਵਿਖਾਵਿਆਂ ਵਿੱਚ ਅਮਰੀਕਾ ਦਖਲ ਦੇ ਰਿਹਾ ਹੈ। ਪੁਲਸ ਨੇ -51 ਡਿਗਰੀ ਤਾਪਮਾਨ 'ਚ ਵਿਖਾਵਾ ਕਰਦੇ ਲੋਕਾਂ ਨੂੰ ਬੱਸਾਂ ਅਤੇ ਟਰੱਕਾਂ ਵਿੱਚ ਖਿੱਚ ਕੇ ਬਿਠਾਇਆ, ਕੁਝ ਲੋਕਾਂ ਨੂੰ ਪੁਲਸ ਦੇ ਡੰਡਿਆਂ ਨਾਲ ਕੁੱਟਿਆ ਵੀ। ਵਿਖਾਵਾ ਕਰਦੇਲੋਕਾਂ ਨੂੰ ਪ੍ਰਸ਼ਾਸਨ ਨੇ ਮਾਸਕੋ ਦੇ ਪੁਸ਼ਕਿਨ ਸੁਕੇਅਰ ਤੋਂ ਬਾਹਰ ਕਰ ਦਿਤਾ ਪਰ ਅੱਧਾ ਮੀਲ ਦੂਰੀ 'ਤੇ ਉਹ ਇਕੱਠੇ ਹੋ ਗਏ। ਇਨ੍ਹਾਂ ਵਿੱਚੋਂ ਕਈਆਂ ਨੇ ਪੁਲਸ 'ਤੇ ਬਰਫ ਦੇ ਗੋਲੇ ਵੀ ਸੁੱਟੇ।

# ਯੂ ਐੱਨ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਪਾਕਿ ਹਵਾਈ ਜਹਾਜ਼ਾਂ 'ਚ ਯਾਤਰਾ ਨਾ ਕਰਨ ਦੀ ਸਲਾਹ

ਜੇਨੇਵਾ, 25 ਜਨਵਰੀ (ਪੋਸਟ ਬਿਊਰੋ)- ਯੂ ਐੱਨ ਓ ਨੇ ਆਪਣੇ ਮੁਲਾਜ਼ਮਾਂ ਨੂੰ ਪਾਕਿਸਤਾਨੀ ਏਅਰਲਾਈਨਸ ਦੇ ਹਵਾਈ ਜਹਾਜ਼ਾਂ ਵਿੱਚ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਪਾਕਿਸਤਾਨ ਵਿੱਚ ਸ਼ੱਕੀ ਲਾਇਸੈਂਸ ਵਾਲੇ ਪਾਇਲਟਾਂ ਵੱਲੋਂ ਜਹਾਜ਼ ਉਡਾਉਣ ਦੀਆਂ ਖ਼ਬਰਾਂ ਆਉਣ ਤੋਂ ਕੁਝ ਮਹੀਨਿਆਂ ਬਾਅਦ ਯੂ ਐੱਨ ਓ ਨੇ ਇਹ ਫੈਸਲਾ ਲਿਆ ਹੈ। ਅਸਲ ਵਿੱਚ ਯੂ ਐੱਨ ਓ ਸੁਰੱਖਿਆ ਪ੍ਰਬੰਧਕੀਸਿਸਟਮ ਵੱਲੋਂ ਜਾਰੀ ਐਡਵਾਈਜ਼ਰੀ ਵਿੱਚ ਇਹ ਕਿਹਾ ਗਿਆ ਹੈ ਕਿ ਪਾਕਿਸਤਾਨ ਵਿੱਚ ਸ਼ੱਕੀ ਲਾਇਸੈਂਸਾਂ ਦੀ ਜਾਂਚ ਹੋਣ ਨੂੰ ਦੇਖਦੇ ਹੋਏ ਪਾਕਿਸਤਾਨ ਵਿੱਚ ਰਜਿਸਟਰਡ ਹਵਾਈ ਜਹਾਜ਼ ਆਪਰੇਟਰਾਂ ਦੀ ਸੇਵਾ ਬਾਰੇ ਸੁਚੇਤ ਰਹਿਣ ਦੀ ਲੋੜ ਹੈ। ਯੂ ਐੱਨ ਓ ਨੇ ਵਿਸ਼ਵ ਸਿਹਤ ਸੰਗਠਨ, ਯੂ ਐੱਨ ਓ ਰਿਫਿਊਜ਼ੀ ਹਾਈ ਕਮਿਸ਼ਨ, ਯੂ ਐੱਨ ਓ ਵਿਕਾਸ ਪ੍ਰੋਗਰਾਮ, ਖੁਰਾਕ ਅਤੇ ਖੇਤੀਬਾੜੀ ਸੰਗਠਨ ਸਣੇ ਕਈ ਹੋਰ ਏਜੰਸੀਆਂ ਨੂੰ ਇਹ ਐਡਵਾਈਜ਼ਰੀ ਜਾਰੀ ਕੀਤੀਹੈ। ਯੂ ਐੱਨ ਓ ਦੀ ਇਸ ਐਡਵਾਈਜ਼ਰੀ ਤੋਂ ਬਾਅਦ ਪਾਕਿ-ਸਤਾਨ ਵਿੱਚ ਕੰਮ ਕਰਦੇ ਇਸ ਦੇ ਕਰਮਚਾਰੀ ਪਾਕਿਸਤਾਨੀ ਏਅਰਲਾਈਨਸ ਰਾਹੀਂ ਪਾਕਿਸਤਾਨ ਦੇ ਅੰਦਰ ਜਾਂ ਬਾਹਰ ਯਾਤਰਾ ਨਹੀਂ ਕਰਨਗੇ। ਪਿਛਲੇ ਸਾਲ ਦਸੰਬਰ ਵਿੱਚ ਯੂਰਪੀਨ ਯੂਨੀਅਨ ਏਵੀਏਸ਼ਨ ਸੁਰੱਖਿਆ ਏਜੰਸੀ ਨੇ ਪਾਕਿਸਤਾਨ ਇੰਟਰਨੈਸ਼ਨਲ ਏਅਰ ਲਾਈਨਸ (ਪੀ ਆਈ ਏ) ਉੱਤੇ ਤਿੰਨ ਮਹੀਨੇ ਦੀ ਪਾਬੰਦੀ ਲਾਈ ਸੀ। ਯੂਰਪੀਨ ਯੂਨੀਅਨ ਅਤੇ ਬ੍ਰਿਟੇਨ ਵੱਲੋਂ ਉਡਾਣਾਂ ਰੱਦ ਕੀਤੇ ਜਾਣ ਕਾਰਨ ਪੀ ਆਈ ਏ ਨੂੰ ਕਈ ਅਰਬ ਰੁਪਏ ਦਾ ਨੁਕਸਾਨ ਹੋਇਆ ਹੈ।

# ਚੀਨ ਦੀ ਖਾਣ 'ਚ ਫਸੇ ਹੋਏ 11 ਮਜ਼ਦੂਰ ਜ਼ਿੰਦਾ ਮਿਲੇ



ਬੀਜਿੰਗ, 25 ਜਨਵਰੀ (ਪੋਸਟ ਬਿਊਰੋ)- ਚੀਨ ਵਿੱਚ ਸੋਨੇ ਦੀ ਖਾਣ ਵਿੱਚ ਧਮਾਕੇ ਪਿੱਛੋਂ ਉਸ ਵਿੱਚ ਫਸੇ 22 ਮਜ਼ਦੂਰਾਂ ਵਿੱਚੋਂ 11 ਮਜ਼ਦੂਰਾਂ ਨੂੰ 14 ਦਿਨਾਂ ਦੇ ਰਾਹਤ ਕੰਮਾਂ ਪਿੱਛੋਂ ਜ਼ਿੰਦਾ ਬਾਹਰ ਕੱਢ ਲਿਆ ਗਿਆ ਹੈ। ਕੱਢੇ ਗਏ ਮਜ਼ਦੂਰ ਬਹੁਤ ਕਮਜ਼ੋਰ ਹੋ ਗਏ ਸਨ। ਉਨ੍ਹਾਂ ਨੂੰ ਕੰਬਲਾਂ ਵਿੱਚ ਲਪੇਟ ਕੇ ਹਸਪਤਾਲ ਭੇਜਿਆ ਗਿਆ। ਇਸ ਤੋਂ ਪਹਿਲੇ ਤਿੰਨ ਮਜ਼ਦੂਰਾਂ ਨੂੰ ਬਾਹਰ ਕੱਢਿਆ ਗਿਆ ਸੀ। ਇੱਕ ਮਜ਼ਦੂਰ ਗੰਭੀਰ ਰੂਪ ਵਿੱਚ ਜ਼ਖਮੀ ਸੀ।

ਬੀਤੀ 10 ਜਨਵਰੀ ਨੂੰ ਹੋਏ ਹਾਦਸੇ ਵਿੱਚ ਜ਼ਮੀਨ ਦੇ 600 ਮੀਟਰ ਹੇਠਾਂ ਧਮਾਕੇ ਪਿੱਛੋਂ 22 ਮਜ਼ਦੂਰ ਫਸ ਗਏ ਸਨ। ਅਧਿਕਾਰੀਆਂ ਦੇ ਅਨੁਸਾਰ ਖਾਣ ਵਿੱਚ ਰਾਹਤ ਕਾਰਜ ਅਤੇ ਬੰਦ ਹੋਏ ਹਿੱਸਿਆਂ ਨੂੰ ਖੋਲ੍ਹਣ ਵਿੱਚ ਦੋ ਹਫਤੇ ਦਾ ਸਮਾਂ ਹੋਰ ਲੱਗ ਸਕਦਾ ਹੈ। ਇਸ ਤੋਂ ਪਹਿਲਾਂ ਰਾਹਤ ਟੀਮ ਨੇ ਸੋਨੇ ਦੀ ਖਾਣ ਵਿੱਚ ਡਰਿਲ ਕਰ ਕੇ ਉਸ ਅੰਦਰ ਫਸੇ ਮਜ਼ਦੂਰਾਂ ਨੂੰ ਖਾਣਾ ਪਹੁੰਚਾਇਆ ਸੀ ਤਾਂ ਕਿ ਰਾਹਤ ਪੁੱਜਣ ਤੱਕ ਉਹ ਜ਼ਿੰਦਾ ਰਹਿ ਸਕਣ। ਚੀਨ ਵਿੱਚ ਖਾਣਾਂ ਵਿੱਚ ਕੰਮ ਕਰਦੇ ਸਮੇਂ ਹਾਦਸਿਆਂ ਕਾਰਨ ਹਰ ਸਾਲ ਸੈਂਕੜੇ ਮਜ਼ਦੂਰਾਂ ਦੀ ਮੌਤ ਹੋ ਜਾਂਦੀ ਹੈ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202













jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com







## ਲੜਕੀ ਦੀ ਲੋੜ

**Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11", ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7", ਕੈਨੇਡਾ ਵਿੱਚ ਵਰਕ ਪਰਮਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653




Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654




ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



